# ਵਰਿਆਮ

ਮਾਰਚ ੧੯੮੩

੨/-




Sri Satguru Jagjit Singh Ji Elibrary NamdhariElibrary@gmail.com

ਮਾਸਕ ਵਰਿਆਮ ਮਾਰਚ ੧੯੮੩

ਜਿਲਦ ਨੰ: ੮ ਅੰਕ ਨੰ: ੫

ਸੰਪਾਦਕ ਜਗਦੀਸ਼ ਸਿੰਘ

ਮੁਲ ਪ੍ਰਤੀ ਕਾਪੀ । ੨-੦੦ ਰਪਿਆ
ਸਾਲਾਨਾ ਚੰਦਾ ਦੇਸ : ੨੦ ਰੁਪਏ
" " ਵਿਦੇਸ਼ : ੫੦ ਰੁਪਏ (ਸਮੁੰਦਰੀ ਡਾਕ ਰਾਹੀਂ
" " ਵਿਦੇਸ਼ : ੧੫੦ ਰੁਪਏ (ਹਵਾਈ ਡਾਕ ਰਾਹੀਂ)
ਲਾਈਫ ਮੈਂਬਰਸ਼ਿਪ : ੩੦੦ ਰੁਪਏ ਕੇਵਲ ਦੇਸ ਵਿਚ

ਦਫਤਰ ਦਾ ਪਤਾ :
ਮਾਸਕ ਵਰਿਆਮ,
ਲਾਡੋਵਾਲੀ ਰੋਡ
ਜਲੰਧਰ—੧੪੪੦੦੧,
ਫੋਨ : ੭੨੫੦੪ ਪੀ. ਪੀ

Office Address
Monthly WARIAM
(Punjabi)
Ladowali Road
Jalandhar-144001
Phone : 72504 PP

**ਵਰਿਆਮ ਸਕਲਾਂ ਕਾਲਜਾਂ ਲਈ ਪਰਵਾਨ**

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩/੧-੭੭-ਐਡੀਫਰਚ, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਵਰਿਆਮ ਵਿਚ ਛਪੇ ਲੇਖਕਾਂ ਦੇ ਵਿਚਾਰਾਂ ਨਾਲ ਐਡੀਟਰ ਵਰਿਆਮ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

IATA

*GOLDEN HOLIDAYS*

*To*

*Thailand, Malayasia, Singapore, Hongkong, Japan, Europe & U.S.A.*

*TRAVEL WITHOUT WORRY*

*TRAVEL THE KWICK WAY*

*We assist in Passports, Visas, Planning your itineraries Reservations, Air Tickets — International & Domestic, Hotels & Car Hire.*

*for all your Travel & Tour requirements*

*Contat :*

Kwick TRAVELS PVT. LTD.
TRAVEL AGENTS & TOUR OPERATORS
2108, Desh Bandhu Gupta Road,
Karol Bagh, New Delhi-110005.
Phone : 562588, 569206, 579646, 579648
Cable : KWICKAIR.



Sri Satguru Jagjit Singh Ji Elibrary NamdhariElibrary@gmail.com

# ਸਤਵਾਂ ਗੁਟ ਨਿਰਲੇਪ ਸਿਖਰ ਸੰਮੇਲਨ

ਦੋ ਵਡੀਆਂ ਸੰਸਾਰ ਜੰਗਾਂ ਦੀ ਤਬਾਹੀ ਬਰਾਬਦੀ ਨੇ ਇਹ ਤਰ ਬਹੁਤ ਸ਼ਿਦਤ ਨਾਲ ਸੋਚਵਾਨਾਂ ਦੇ ਦਿਲਾਂ ਵਿਚ ਪੈਦਾ ਕੀਤਾ ਕਿ ਜੇ ਤੀਸਰੀ ਅਜਿਹੀ ਜੰਗ ਹੋਈ ਤਾਂ ਸਰਵ-ਨਾਸ਼ ਹੋਵੇਗਾ। ਹਰ ਮੁਲਕ ਨੂੰ ਚਾਹੁੰਦਿਆਂ ਨਾ ਚਾਹੁੰਦਿਆਂ ਹੋਇਆਂ ਵੀ ਕਿਸੇ ਨਾ ਕਿਸੇ ਪਾਸੇ ਹੋਣਾ ਪਵੇਗਾ। ਇਸ ਵੇਲੇ ਪ੍ਰਤੱਖ ਰੂਪ 'ਚ ਦੋ ਵੱਡੀਆਂ ਫੌਜੀ ਸ਼ਕਤੀਆਂ ਅਮਰੀਕਨ ਗਰੁਪ ਅਤੇ ਰੂਸੀ ਗਰੁਪ ਆਹਮਣੇ ਸਾਹਮਣੇ ਆ ਚੁੱਕੀਆਂ ਸਨ ਅਤੇ ਦਿਸਦਾ ਸੀ ਕਿ ਸਭ ਦੇਸ਼ਾਂ ਨੂੰ ਇਹਨਾਂ ਚੋਂ ਕਿਸੇ ਨਾ ਕਿਸੇ ਦਾ ਪੱਲਾ ਫੜਣਾ ਪਵੇਗਾ। ਇਸ ਸਮੇਂ ਬਹੁਤ ਸਾਰੇ ਦੇਸ਼ ਸਾਮਰਾਜੀ ਨੌਆਬਾਦੀਅਤ ਤੋਂ ਧੜਾ ਧੜ ਆਜ਼ਾਦ ਹੋ ਰਹੇ ਸਨ ਜਾਂ ਹੋਣ ਵਾਲੇ ਸਨ ਅਤੇ ਜੇ ਇਹ ਦੇਸ਼ ਮੁੜ ਇਹਨਾਂ ਗੁਟਾਂ ਵਿਚ ਰਲ ਜਾਂਦੇ ਤਾਂ ਇਹਨਾਂ ਦੀ ਆਜ਼ਾਦੀ ਫਿਰ ਖਿਣ ਜਾਣੀ ਸੀ।

ਅਜਿਹੀ ਫਿਕਰ ਸੀ ਉਸ ਵੇਲੇ ਭਾਰਤ ਦੇ ਲੀਡਰ ਸਵਰਗੀ ਪੰਡਿਤ ਨਹਿਰੂ ਦੇ ਮਨ ਵਿਚ ਅਤੇ ਇਸ ਫਿਕਰ-ਮੰਦੀ ਤੋਂ ਇਕ ਨਵੇਂ ਸੰਕਲਪ ਨੇ ਜਨਮ ਲਿਆ ਗੁਟ ਨਿਰਲੇਪਤਾ। ਏਸ਼ੀਆ ਅਫਰੀਕਾ ਵਿਚ ਬਹੁਤੇ ਦੇਸ਼ ਸਾਮਰਾਜੀ ਮੁਲਕਾਂ ਦੀ ਗੁਲਾਮੀ ਤੋਂ ਆਜਾਦ ਹੋ ਰਹੇ ਸਨ ਉਹਨਾਂ ਨੂੰ ਮੁੜ ਇਕ ਨਵੇਂ ਢੰਗ ਨਾਲ ਗੁਲਾਮ ਬਨਾਉਣ ਦਾ ਸਬੂਤ ਅਮਰੀਕਾ ਅਤੇ ਬਰਤਾਨਵੀ ਸਾਮਰਾਜਾਂ ਵਲੋਂ ਆਪਣੇ ਸਹਿਯੋਗੀ ਮੁਲਕਾਂ ਫਰਾਂਸ ਅਤੇ ਹਾਲੈਂਡ ਦੀ ਪਿਠ ਠੋਕਣ ਤੋਂ ਮਿਲਿਆ ਜਦੋਂ ਇਹਨਾਂ ਨੇ ਹਿੰਦ ਚੀਨੀ (ਅਜ ਕਲ ਲਾਓਸ, ਕੰਪੂਚੀਆ ਅਤੇ ਵੀਅਤਨਾਮ) ਵਿਚ ਆਜ਼ਾਦੀ ਸੰਗਰਾਮਾਂ ਦਾ ਗਲਾ ਘੁੱਟਣ ਦਾ ਜਤਨ ਕੀਤਾ।

ਅਜਿਹੀਆਂ ਚਾਲਾਂ ਤੋਂ ਸੁਚੇਤ ਹੋਣ ਤੇ ਬਚਨ ਲਈ ਪੰਡਤ ਨਹਿਰੂ ਦੀ ਪਹਿਲ ਤੇ ੧੯੪੭ ਵਿਚ ਦਿਲੀ ਵਿਚ ਪਹਿਲਾ ਏਸ਼ੀਆਈ ਸਮਾਗਮ ਸਦਿਆ ਗਿਆ ਉਸ ਪਿਛੋਂ ੧੯੫੫ ਵਿਚ, ਏਸ਼ੀਆ ਅਤੇ ਅਫਰੀਕੀ ਦੇਸ਼ਾਂ ਦੀ ਬਾਡੂੰਗ ਵਿਚ ਕਾਨਫਰੰਸ ਹੋਈ ਜਿਸ ਵਿਚ ਪੰਚਸ਼ੀਲ ਦਾ ਸਿਧਾਂਤ ਉਭਰ ਕੇ ਆਇਆ। ਇਸ ਬਾਅਦ ਦੁਨੀਆਂ ਦੇ ਨਕਸ਼ੇ ਤੇ ਇਕ ਤ੍ਰਿਮੂਰਤੀ ਉਭਰੀ ਇਹ ਸੀ ਭਾਰਤ ਦੇ ਪ੍ਰਧਾਨ



ਗੁੱਟ ਨਿਰਲੇਪ ਲਹਿਰ ਦੇ ਬਾਨੀ ਲੀਡਰ
ਕਰਨਲ ਨਾਸਰ, ਮਾਰਸ਼ਲ ਟੀਟੋ ਤੇ ਪੰਡਿਤ ਨਹਿਰੂ



Sri Satguru Jagjit Singh Ji Elibrary NamdhariElibrary@gmail.com

ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ, ਯੋਗੋਸਲਾਵੀਆ ਦੇ ਪਰਧਾਨ ਮਾਰਸ਼ਲ ਟੀਟੋ ਅਤੇ ਮਿਸਰ ਦੇ ਪਰਧਾਨ ਕਰਨਲ ਨਾਸਰ। ਇਸ ਤ੍ਰਿਮੂਰਤੀ ਹੀ ਅਜ ਦੀ ਵਿਸ਼ਾਲ ਗੁਟ ਨਿਰਲੇਪ ਲਹਿਰ ਦੇ ਬੁਨਿਆਦੀ ਥੰਮ ਸਨ।

ਗੁਟ ਨਿਰਲੇਪਤਾ ਦੇ ਸੰਕਲਪ ਦਾ ਜਿਹੜਾ ਬੀਜ ਭਾਰਤ ਦੇ ਆਜ਼ਾਦੀ ਸੰਗ੍ਰਾਮ ਵਿਚ ਹੀ ਬੀਜਿਆ ਗਿਆ ਸੀ ਉਹ ਪੁੰਗਰ ਪਿਆ ਅਤੇ ਇਹਨਾਂ ਦੇ ਜਤਨਾਂ ਨਾਲ ੧੯੬੧ ਵਿਚ ਪਹਿਲੀ ਗੁਟ ਨਿਰਲੇਪ ਸਿਖਰ ਸੰਮੇਲਣ ਯੋਗੋਸਲਾਵੀਆ ਦੀ ਰਾਜਧਾਨੀ ਬਲਗਰੇਡ ਵਿਚ ਹੋਇਆ ਜਿਸ ਵਿਚ ਕੁਲ ੨੫ ਮੁਲਕਾਂ ਦੇ ਚੋਟੀ ਦੇ ਸਰਬਰਾਹਾਂ ਨੇ ਭਾਗ ਲਿਆ।

ਪਹਿਲਾਂ ਪਹਿਲਾਂ ਇਸ ਲਹਿਰ ਨੂੰ ਅਮਰੀਕਨ ਗੁੱਟ ਵਲੋਂ ਵਿਸ਼ੇਸ਼ ਕਰਕੇ ਬਹੁਤ ਘਿਰਣਾ ਅਤੇ ਸ਼ੱਕ ਦੀ ਨਜ਼ਰ ਨਾਲ ਵੇਖਿਆ ਗਿਆ ਅਤੇ ਇਸ ਨੂੰ ਤੋੜਨ ਦੇ ਜਤਨ ਵੀ ਹੋਏ। ਰੂਸ ਵਲੋਂ ਇਸ ਵਲ ਹਮਦਰਦੀ ਵਾਲਾ ਵਤੀਰਾ ਹੀ ਰਿਹਾ। ਉਹ ਇਸ ਨੂੰ ਅਮਰੀਕਾ ਦੇ ਮੁਕਾਬਲੇ ਆਪਣੇ ਹੱਕ ਵਿਚ ਸਮਝਦਾ ਸੀ ਅਤੇ ਉਂਜ ਵੀ ਉਹ ਨਵੇਂ ਦੇਸ਼ਾਂ ਦੇ ਆਜ਼ਾਦੀ ਘੋਲ ਦਾ ਸਮਰਥਕ ਰਿਹਾ ਸੀ। ਪਰ ਹੌਲੀ ਹੌਲੀ ਇਸ ਲਹਿਰ ਦਾ ਘੇਰਾ ਵਧਿਆ ਅਤੇ ਅੱਜ ਤਾਂ ਉਹ ਮੁਲਕ ਵੀ ਇਸ ਵਿਚ ਸ਼ਾਮਲ ਹਨ ਜੋ ਕਦੇ ਅਮਰੀਕਾ ਦੇ ਏਜੰਟ ਸਨ। ਪਾਕਿਸਤਾਨ ਦੀ ਮਿਸਾਲ ਸਾਡੇ ਸਾਹਮਣੇ ਹੈ।

ਬਲਗਰੇਡ ਸੰਮੇਲਨ ਵਿਚ ਮੁਖ ਤੌਰ ਤੇ ਸਵਾਲ ਕੌਮਾਂਤਰੀ ਅਮਨ ਅਤੇ ਹਥਿਆਰਾਂ ਤੇ ਰੋਕ ਲਾਉਣ ਦਾ ਸੀ। ਇਹ ਪੰਡਿਤ ਨਹਿਰੂ ਦੀ ਪਹਿਲ ਤੇ ਹੋਇਆ ਇਸ ਤੋਂ ਇਲਾਵਾ ਬਸਤੀਵਾਦ ਤੋਂ ਆਜ਼ਾਦੀ ਤੇ ਵੀ ਵਿਚਾਰ ਕੀਤਾ ਗਿਆ।

ਦੂਜਾ ਸੰਮੇਲਨ ੧੯੬੩ ਵਿਚ ਮਿਸਰ ਦੀ ਰਾਜਧਾਨੀ ਕਾਹਿਰਾ ਵਿਚ ਹੋਇਆ। ਮੈਂਬਰਾਂ ਦੀ ਗਿਣਤੀ ੪੭ ਹੋ ਗਈ। ਮੁਖ ਪ੍ਰਸ਼ਨ ਮੁੜ ਨਿਸ਼ਸਤਰੀਕਰਣ ਦਾ ਹੀ। ਚੀਨ ਵਲੋਂ ੧੯੬੨ ਵਿਚ ਭਾਰਤ ਤੇ ਹਮਲੇ ਨੇ ਗੰਭੀਰ ਸਮੱਸਿਆ ਪੈਦਾ ਕੀਤੀ ਸੀ। ੧੯੬੩ ਵਿਚ ਅਮਰੀਕਾ-ਰੂਸ ਵਿਚਕਾਰ ਐਟਮੀ ਤਜਰਬਿਆਂ ਤੇ ਪਾਬੰਦੀ ਬਾਰੇ ਅਪੂਰਣ ਸਮਝੌਤਾ ਹੋ ਚੁਕਾ ਸੀ। ਇਸ ਵਾਸਤੇ ਨਿਸ਼ਸਤੀਕਰਨ ਦੀ ਮਹੱਤਤਾ ਹੋਰ ਵੀ ਵਧ ਗਈ ਸੀ।

੧੯੬੬ ਵਿਚ ਸ੍ਰੀਮਤੀ ਇੰਦਰਾ ਗਾਂਧੀ ਮਾਰਸ਼ਲ ਟੀਟੋ ਅਤੇ ਪ੍ਰਧਾਨ ਨਾਸਰ ਵਿਚ ਸਿਖਰ ਸੰਮੇਲਨ ਹੋਇਆ। ਇਸ ਵਿਚ ਸੰਸਾਰ ਦੀ ਹਾਲਤ, ਆਰਥਕ ਨਾ ਬਰਾਬਰੀ ਅਤੇ ਸੰਸਾਰ ਅਮਨ ਤੇ ਵਿਚਾਰਾਂ ਹੋਈਆਂ।

ਤੀਜਾ ਸੰਮੇਲਨ ਲੁਸਾਕਾ ਵਿਚ ਹੋਇਆ ੫੩ ਦੇਸ਼ਾਂ ਨੇ ਭਾਗ ਲਿਆ ਅਤੇ ਚੌਥਾ ਅਲਜੇਰੀਆ ਵਿਚ ੧੯੭੩ ਵਿਚ ਹੋਇਆ ੭੪ ਮੁਲਕਾਂ ਭਾਗ ਲਿਆ।

੧੯੭੬ ਵਿਚ ਪੰਜਵਾਂ ਸਿਖਰ ਸੰਮੇਲਨ ਲੰਕਾ ਵਿਚ ਹੋਇਆ। ਮੈਂਬਰ ਮੁਲਕਾਂ ਦੀ ਗਿਣਤੀ ੮੫ ਹੋ ਗਈ। ਹੁਣ ਤਾਂ ਬਹੁਤੇ ਦੇਸ਼ ਗੁਟ ਨਿਰਲੇਪ—ਗੁਟ ਵਿਚ ਹੀ ਆਣ ਲਗ ਪਏ। ੬ਵਾਂ ਸੰਮੇਲਨ ੧੯੭੯ ਨੂੰ ਕਿਊਬਾ ਵਿਚ ਹੋਇਆ ਜਿਸ ਵਿਚ ੯੦ ਦੇਸ਼ ਹਾਜ਼ਰ ਸਨ।

ਸਤਵਾਂ ਸੰਮੇਲਨ ਬਗਦਾਦ ਵਿਚ ਹੋਣਾ ਸੀ ਪਰ ਈਰਾਕ-ਈਰਾਨ ਜੰਗ ਕਰਕੇ ਭਾਰਤ ਨੂੰ ਬੇਨਤੀ ਕੀਤੀ ਗਈ ਤਾਂ ਇਸ ਤਰ੍ਹਾਂ ਇਹ ੧੯੮੩ ਵਿਚ ਸੰਮੇਲਨ ਨਵੀਂ ਦਿੱਲੀ ਵਿਚ ੭ ਮਾਰਚ ਤੋਂ ੧੧ ਤਕ ਸ਼ੁਰੂ ਹੋ ਗਿਆ ਹੈ।

ਪਿਛਲੇ ਸੰਮੇਲਨਾਂ ਵਿਚ ਸੰਸਾਰ ਅਮਨ ਦੇ ਨਾਲ ਨਾਲ ਵਿਕਾਸ ਸ਼ੀਲ ਦੇਸ਼ਾਂ ਦੇ ਪੂਰਨ ਆਰਥਿਕ ਅਤੇ ਰਾਜਸੀ ਵਿਕਾਸ ਦੇ ਮਸਲੇ ਵਿਚਾਰੇ ਗਏ। ਇਹਨਾਂ ਵਿਚ ਮੈਂਬਰ ਦੇਸ਼ਾਂ ਵਿਚ ਆਪਸੀ ਸਹਿਯੋਗ ਅਤੇ ਆਰਥਕ ਤਾਲ ਮੇਲ ਦੀ ਨੀਤੀ ਦਾ ਨਿਰਮਾਣ ਕੀਤਾ ਗਿਆ। ਗੁਲਾਮੀ ਤੋਂ ਮਿਲੇ ਪਿਛੋਕੜ ਨੂੰ ਦੂਰ ਕਰਨ ਦੇ ਜਤਨ ਕੀਤੇ ਗਏ।

ਇਹਨਾਂ ਵਿਚ ਭਖਦੇ ਮਸਲੇ ਜਿਵੇਂ ਹਿੰਦ ਚੀਨੀ ਦੇਸ਼ਾਂ ਵੀਅਤਨਾਮ ਲਾਓਸ ਕੰਪੂਚੀਆ ਵਿਚ ਚਲ ਰਹੇ ਸੰਘਰਸ਼ਾਂ, ਰੋਡੇਸ਼ੀਆ ਦਖਣੀ ਅਫਰੀਕਾ ਤੇ ਪੁਰਤਗਾਲ ਦੀਆਂ ਅਫਰੀਕੀ ਬਸਤੀਆਂ ਵਿਚ ਚਲ ਰਹੇ ਆਜ਼ਾਦੀ ਸੰਗਰਾਮਾਂ ਅਤੇ ਮਧ ਪੂਰਬ ਦੇਸ਼ਾਂ ਦੇ ਮਸਲਿਆਂ ਤੇ ਵਿਚਾਰ ਹੁੰਦੀ ਰਹੀ। ਨਿਰਪਖ ਦੇਸ਼ਾਂ ਵਿਚ ਪ੍ਰਸਾਰ ਅਤੇ ਪ੍ਰਚਾਰ ਦੇ ਸਾਧਨਾਂ ਨੂੰ ਸਾਂਝਿਆਂ ਕਰਨ ਦੇ ਮੰਤਵ ਨਾਲ ਨਿਰਪਖ ਦੇਸ਼ਾਂ ਦੀ ਇਕ ਖਬਰ ਏਜੰਸੀ ਦੀ ਪ੍ਰਵਾਨਗੀ ਵੀ ਦਿਤੀ ਗਈ। ਇਸ ਨਾਲ ਸਰਮਾਏਦਾਰ ਅਤੇ ਸਾਮਰਾਜੀ ਮੁਲਕਾਂ ਦੀ ਅਜਾਰੇਦਾਰੀ ਖਤਮ ਕਰਨ ਦੇ ਜਤਨ ਵਜੋਂ ਅਜਿਹਾ ਕੀਤਾ ਗਿਆ।

ਹਿੰਦ ਵਿਚ ਹੋਣ ਵਾਲੇ ਸਿਖਰ ਸੰਮੇਲਨ ਵਿਚ ਸੌ ਕੁ ਦੇਸ਼ ਭਾਗ ਲੈ ਰਹੇ ਹਨ। ਅਜ ਤਕ ਏਨੇ ਮੁਲਕਾਂ ਤੇ ਸਰਕਾਰਾਂ ਦੇ ਮੁਖੀ ਕੱਦੇ ਇਕੱਠੇ ਨਹੀਂ ਹੋਏ। ਇਤਹਾਦੀ ਸਭਾ ਦੇ ਸਕੱਤਰ ਜਨਰਲ ਇਥੇ ਪੁਜੇ ਹੋਏ ਹਨ। ਜੇ ਇਹ



Sri Satguru Jagjit Singh Ji Elibrary NamdhariElibrary@gmail.com



ਗੁਟਨਿਰਲੇਪ ਲਹਿਰ ਦੇ ਪਿਛਲੇ ਪ੍ਰਧਾਨ ਡਾ: ਕਾਸਟਰੋ ਅਤੇ ਭਵਿੱਖ ਦੇ ਲੀਡਰ ਸ੍ਰੀਮਤੀ ਇੰਦਰਾ ਗਾਂਧੀ

ਕਾਨਫਰੰਸ ਏਕਤਾ ਵਿਖਾ ਕੇ ਕੋਈ ਨਿਰਣਾ ਕਰੇ ਤਾਂ ਉਹ ਇਤਿਹਾਸੀ ਸਭਾ ਦੀ ਦੋ ਤਿਹਾਈ ਦਾ ਹੀ ਨਿਰਣਾ ਸਮਝਿਆ ਜਾਵੇਗਾ। ਇਸ ਤਰ੍ਹਾਂ ਇਹ ਗੁਟ ਨਿਰਲੇਪ ਲਹਿਰ ਦੁਨਿਆਂ ਦੀ ਸਿਆਸਤ ਤੇ ਹਾਵੀ ਹੈ।

ਇਸ ਵੇਲੇ ਦਿੱਲੀ ਕਾਨਫਰੰਸ ਵਿਚ ਅਸਹਿਮਤੀਆਂ ਵਾਲੇ ਮਸਲੇ ਕੰਪੂਚੀਆ ਅਤੇ ਅਫਗਾਨਿਸਤਾਨ ਹਨ ਪਰ ਸਾਂਝੇ ਮਸਲੇ ਜਿਨ੍ਹਾਂ ਤੇ ਸਹਿਮਤੀ ਹੋ ਸਕੇਗੀ ਉਹ ਜ਼ਿਆਦਾ ਹਨ। ਸੰਸਾਰ ਅਮਨ, ਬਸਤੀਵਾਦ, ਨਿਸ਼ਸਤਰੀਕਰਣ, ਆਰਥਕ ਮਿਲਵਰਤਣ ਅਤੇ ਡੀਗੋਗਾਰਸ਼ੀਆ ਅਜਿਹੇ ਮਸਲੇ ਹਨ ਜਿਨ੍ਹਾਂ ਤੇ ਸਹਿਮਤੀ ਹੋ ਸਕਦੀ ਹੈ ਅਤੇ ਸਮੁੱਚੀ ਮਾਨਵਤਾ ਵਾਸਤੇ ਇਹ ਸੰਮੇਲਨ ਲਾਹੇਵੰਦ ਹੋ ਸਕਦਾ ਹੈ।

ਕੌਮਾਂ ਦੀਆਂ ਕਿਸਮਤਾਂ ਇਕ ਦੂਜੀ ਨਾਲ ਬੱਝੀਆਂ ਹੋਈਆਂ ਹਨ। ਜੇ ਮਿਲ ਕੇ ਇਹ ਜਤਨ ਕਰਨ ਤਾਂ ਸਿਆਸੀ, ਆਰਥਕ, ਉਦਯੋਗਿਕ ਪਧਰ ਤੇ ਬਹੁਤ ਪ੍ਰਾਪਤੀਆਂ ਹੋ ਸਕਦੀਆਂ ਹਨ। ਨਵੇਂ ਆਜ਼ਾਦ ਦੇਸ਼ ਅਤੇ ਉੱਨਤੀ ਸ਼ੀਲ ਦੇਸ਼ਾਂ ਦੀ ਹੋਣੀ ਇਸ ਕਾਨਫਰੰਸ ਨਾਲ ਬੱਝੀ ਪਈ ਹੈ।

ਇਹ ਸਤਰਾਂ ਪਾਠਕਾਂ ਤਕ ਪੁਜਣ ਤਕ ਸਤਵਾਂ ਸੰਮੇਲਨ ਵਿਗਿਆਨ ਭਵਨ ਦਿੱਲੀ ਵਿਚ ਸ਼ੁਰੂ ਹੋ ਚੁਕਾ ਹੋਵੇਗਾ। ਸੌ ਦੇਸ਼ਾਂ ਦੇ ਸਰਬਰਾਹ ਪ੍ਰਧਾਨ, ਮੀਤ ਪ੍ਰਧਾਨ, ਪ੍ਰਧਾਨ ਮੰਤਰੀ ਆਪਣੇ ਆਪਣੇ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਸਕੱਤਰਾਂ ਅਤੇ ਵਿਸ਼ੇਸ਼ਗਾ ਨਾਲ ਹਿੰਦ ਨੂੰ ਇਕ ਅਤਿ ਵਿਸ਼ੇਸ਼ ਪ੍ਰਾਹੁਨਾਚਰੀ ਦਾ ਮਾਨ ਦੇ ਰਹੇ ਹਨ। ਹਜ਼ਾਰਾਂ ਹੀ ਪੱਤਰਕਾਰ ਫੋਟੋਗਰਾਫਰ, ਕੈਮਰਾਮੈਨ, ਰੇਡੀਓ ਟੇਲੀਵੀਯਨ ਤੇ ਫਿਲਮਾਂ ਵਾਲੇ ਇਸ ਮਹਾਨ ਸਮੇਂ ਨੂੰ ਸਾਂਭਣ ਪ੍ਰਸਾਰਨ ਪ੍ਰਚਾਰਨ ਲਈ ਪੁੱਜੇ ਹਨ।

ਦਿੱਲੀ ਇਕ ਵਾਰ ਫੇਰ ਦੁਲਹਣ ਵਾਂਗ ਸਜੀ ਹੈ ਇਕ ਵਾਰ ਫੇਰ ਕੌਮਾਂਤਰੀ ਸੰਗਤ ਮੇਜ਼ਬਾਨ ਅਜੀ ਸੰਮੇਲਨ ਦੀ ਸਫਲਤਾ ਕਈ ਅਰਦਾਸ ਕਰਦੇ ਹਾਂ। ਇਹ ਮਾਨਵ ਕਲਿਆਣ ਵਾਸਤੇ ਹੀ ਅਰਦਾਸ ਹੈ।

—ਜਗਦੀਸ਼ ਸਿੰਘ



Sri Satguru Jagjit Singh Ji Elibrary NamdhariElibrary@gmail.com

# ਦਿਲੀ ਦੀਆਂ ਚੋਣਾਂ

ਆਂਧਰਾ ਪ੍ਰਦੇਸ਼ ਅਤੇ ਕਰਨਾਟਕ ਦੇ ਸਥਾਪਤ ਕਾਂਗਰਸੀ ਗੜ੍ਹਾਂ ਵਿਚ ਇੰਦਰਾ ਕਾਂਗਰਸ ਦੀ ਕਰਾਰੀ ਹਾਰ ਪਿਛੋਂ ਦਿਲੀ ਵਿਚ ਹੋਈਆਂ ਮੈਟਰੋਪਾਲੀਟਨ ਕੌਂਸਲ ਅਤੇ ਨਗਰ ਨਿਗਮ ਦੀਆਂ ਚੋਣਾਂ ਅੰਤ੍ਰਰਾਸ਼ਟਰੀ ਮਹੱਤਤਾ ਧਾਰਨ ਕਰ ਗਈਆਂ ਹਨ। ਵਿਰੋਧੀ ਧਿਰ ਵਿਸ਼ੇਸ਼ ਕਰਕੇ ਭਾਰਤੀ ਜਨਤਾ ਪਾਰਟੀ ਜਿਹੜੀ ਕਿ ਵਾਰੀ ਵਾਰੀ ਕਾਂਗਰਸ ਬਾਅਦ ਦਿਲੀ ਤੇ ਕਾਬਜ਼ ਹੁੰਦੀ ਆ ਰਹੀ ਸੀ ਦਖਣੀ ਭਾਰਤ ਦੇ ਚੋਣ ਸਿਟਿਆਂ ਪਿਛੋਂ ਤਾ ਹੋਰ ਵੀ ਦਿਲੀ ਸਿੰਘਾਸਨ ਵਾਸਤੇ ਪੁਰ ਉਮੀਦ ਹੋ ਗਈ ਸੀ। ਕੁਝ ਅੰਗਰੇਜ਼ੀ ਅਖਬਾਰਾਂ ਦੀਆਂ ਭਵਿਖ ਬਾਣੀਆਂ ਇੰਦਰਾ ਵਿਰੋਧੀ ਲਹਿਰ ਦਾ ਸੰਕੇਤ ਕਰਦੀਆਂ ਸਨ। ਇਸੇ ਸਮੇਂ ਹੀ ਪੰਜਾਬ ਵਿਚੋਂ ਅਕਾਲੀ ਦਲ ਨੇ ਦਿੱਲੀ ਚੋਣਾਂ ਦਾ ਬਾਈਕਾਟ ਕਰ ਕੇ ਦਿਲੀ ਦੇ ਸਿਖ ਵੋਟਰਾਂ ਨੂੰ ਚੋਣਾਂ ਵਿਚ ਹਿਸਾ ਨਾ ਲੈਣ ਦਾ ਆਦੇਸ਼ ਦਿਤਾ। ਸਿਖਾਂ ਦਾ ਕਿਸੇ ਪਾਸੇ ਵੀ ਵੋਟ ਨਾ ਪਾਉਣ ਦਾ ਭਾਵ ਸੀ ਭਾਰਤੀਆ ਜਨਤਾ ਪਾਰਟੀ ਦੀ ਸਿੱਧੀ ਜਿੱਤ। ਇਸ ਤਰਾਂ ਮੁਸਲਮਾਨਾਂ ਵਿਚ ਵੀ ਸ਼ਾਹੀ ਇਮਾਮ ਨੇ ਇੰਦਰਾ ਕਾਂਗਰਸ ਵਿਰੋਧੀ ਪਰਚਾਰ ਤੇਜ਼ ਕੀਤਾ ਹੋਇਆ ਸੀ।

ਦਿਲੀ ਵਿਚ ਹੋ ਰਹੀ ਗੁੱਟ ਨਿਰਲੇਪ ਦੇਸ਼ਾਂ ਦੀ ਸਤਵੀਂ ਚੋਟੀ ਕਾਨਫਰੰਸ ਦੇ ਰੂਬਰੂ ਇੰਦਰਾ ਕਾਂਗਰਸ ਦੀ ਹਾਰ ਇਸ ਪਾਰਟੀ ਦੇ ਭਵਿਖ ਵਾਸਤੇ ਮਾਰੂ ਸਿਧ ਹੋਣੀ ਸੀ।

ਪਰ ਸਿਆਸਤ ਵਿਚ ਘੜੇ ਘੜਾਏ ਫਾਰਮੂਲੇ ਅਤੇ ਗਿਣਤੀਆਂ ਮਿਣਤੀਆਂ ਨਹੀਂ ਚਲਦੀਆਂ। ਘਟੋ ਘਟ ਹਮੇਸ਼ਾ ਵਾਸਤੇ ਨਹੀਂ ਚਲਦੀਆਂ। ਦਖਣ ਵਿਚ ਕਾਂਗਰਸ ਹਾਰਨ ਦੇ ਹੋਰ ਕਾਰਨ ਸਨ। ਜੇ ਕੋਈ ਪਾਰਟੀ ਠੋਸ ਪ੍ਰੋਗਰਾਮ ਨਾ ਦੇਵੇ, ਜੇ ਦੇਵੇ ਤਾਂ ਅਮਲ ਨਾ ਕਰੇ ਜਾਂ ਆਪਨੀ ਕਾਰ-ਗੁਜ਼ਾਰੀ ਦਾ ਲੋਕਾਂ ਦੇ ਦਿਲਾਂ ਤੇ ਸਿੱਕਾ ਨਾ ਬੈਠਾ ਸਕੇ ਤਾਂ ਫੇਰ ਭਾਵੇਂ ਹੋਰਨਾਂ ਥਾਵਾਂ ਤੇ ਕਾਂਗਰਸ ਲੱਖ ਵਾਰ ਹਾਰਦੀ ਰਹੇ ਉਸ ਦਾ ਸਿਲਾ ਕਿਸੇ ਹੋਰ ਪਾਰਟੀ ਨੂੰ ਤਾਂ ਮਿਲਣੋ



ਸ੍ਰ. ਮਹਿੰਦਰ ਸਿੰਘ ਸਾਥੀ ਦਿਲੀ ਦੇ ਨਵੇਂ ਮੇਅਰ

ਰਿਹਾ। ਦਖਣ ਦੀ ਕਾਂਗਰਸ ਹਾਰ ਦਾ ਲਾਭ ਦਿਲੀ ਵਿਚ ਬੀ. ਜੇ. ਪੀ. ਨੂੰ ਨਾ ਮਿਲਿਆ। ਅਕਾਲੀਆਂ ਦਾ ਅਮ੍ਰਿਤਸਰ ਵਿਚਲਾ ਮੋਰਚਾ ਅਤੇ ਅਧਿਕਾਰ ਦਿਲੀ ਦੇ ਸਿਖਾਂ ਦੇ ਹਿਤਾਂ ਤੇ ਅਸਰ ਅੰਦਾਜ਼ ਨਾ ਹੋਇਆ।

ਸਿਆਸਤ ਦੀ ਬਸਾਤ ਤੇ ਇਕ ਵਾਰ ਫੇਰ ਸ੍ਰੀਮਤੀ ਇੰਦਰਾ ਦੂਸਰਿਆਂ ਨੂੰ ਮਾਤ ਦੇ ਗਈ ਅਤੇ ਦਿਲੀ ਵਿਚ ਸ਼ਾਨਦਾਰ ਜਿਤ ਪ੍ਰਾਪਤ ਕਰ ਗਈ। ਲੋਕਾਂ ਨੇ ਕੇਵਲ ਨਾਹਰਿਆਂ ਤੇ ਯਕੀਨ ਨਹੀਂ ਕੀਤਾ। ਦਿਲੀ ਦੇ ਸਿਖਾਂ ਨੇ ਹੁਮ ਹੁਮਾ ਕੇ ਇੰਦਰਾ ਗਾਂਧੀ ਨੂੰ ਵੋਟਾਂ ਹੀ ਨਹੀਂ ਪਾਈਆਂ ਸਗੋਂ ਗੁਰਦੁਆਰਾ ਬੰਗਲਾ ਸਾਹਿਬ ਦੀ ਸਟੇਜ ਤੋਂ ਸ੍ਰੀਮਤੀ ਗਾਂਧੀ ਦਾ ਸੁਆਗਤ ਕੀਤਾ ਅਤੇ ਆਪਣਾ ਕਰਵਾਇਆ। ਅਮ੍ਰਿਤਸਰ ਦੇ ਮੋਰਚੇ ਦੀਆਂ ਧਾਰਮਕ ਮੰਗਾਂ ਮੰਨਣ ਦਾ ਐਲਾਨ ਵੀ ਇਥੇ ਹੀ ਪ੍ਰਧਾਨ ਮੰਤਰੀ ਨੇ ਕੀਤਾ।

ਸੀਸ ਗੰਜ ਦੇ ਇਤਿਹਾਸਕ ਗੁਰਦੁਆਰੇ ਵਿਚ ਵੀ ਕਾਂਗਰਸ ਦੇ ਜਨਰਲ ਸਕੱਤਰ ਸ੍ਰੀ ਰਾਜੀਵ ਗਾਂਧੀ ਨੇ ਜਾ ਕੇ ਸਿਖ ਸੰਗਤਾਂ ਦਾ ਧਨਵਾਦ ਕੀਤਾ।

ਦਿਲੀ ਦਾ ਮੇਅਰ, ਇਕ ਸਿਖ ਸ: ਮਹਿੰਦਰ ਸਿੰਘ ਸਾਥੀ ਨੂੰ ਚੁਣਿਆ ਗਿਆ ਹੈ। ਦਿਲੀ ਦੇ ਮੇਅਰ ਦਾ ਰੁਤਬਾ ਬਹੁਤ



Sri Satguru Jagjit Singh Ji Elibrary NamdhariElibrary@gmail.com



ਗੁਰਦੁਆਰਾ ਸੀਸ ਗੰਜ ਵਿਚ ਸਿਖ ਸੰਗਤਾ ਦਾ ਧਨਵਾਦ ਕਰਦੇ ਹੋਏ ਸ੍ਰੀ ਰਾਜੀਵ ਗਾਂਧੀ। ਸਟੇਜ ਤੇ ਜਥੇਦਾਰ ਤਲਵਾਲ ਸਿੰਘ ਅਤੇ ਸ: ਹਰਵਿੰਦਰ ਸਿੰਘ ਹੰਸਪਾਲ ਐਮ. ਪੀ. ਵੀ ਬੈਠੇ ਦਿਖਾਈ ਦੇ ਰਹੇ ਹਨ।

ਮਹਤਵਪੂਰਨ ਹੈ। ਦਿਲੀ ਵਿਚ ਹੀ ਦੇਸ਼ ਦੇ ਰਾਸ਼ਟਰਪਤੀ ਦੀ ਪਦਵੀ ਤੇ ਗਿਆਨੀ ਜ਼ੈਲ ਸਿੰਘ ਸ਼ੋਸ਼ਭਿਤ ਹਨ ਅਤੇ ਮੇਅਰ ਦੀ ਕੁਰਸੀ ਤੇ ਸਰਦਾਰ ਮਹਿੰਦਰ ਸਿੰਘ ਸਾਥੀ। ਇਹ ਸਿਖਾਂ ਨਾਲ ਵਿਤਕਰੇ ਦੇ ਦੋਸ਼ ਦਾ ਮੂੰਹ ਚੜਾਉਂਦੇ ਹਨ। ਇਸ ਤੋਂ ਇਲਾਵਾ ਪਹਿਲੀ ਵਾਰ ਪੰਜਾਬੀ ਹਿੰਦੂਆਂ ਦੀਆਂ ਵੋਟਾਂ ਵੀ ਕਾਂਗਰਸ ਲੈਣ ਵਿਚ ਸਫਲ ਹੋਈ ਹੈ। ਪਰ ਕਮਿਊ-ਨਿਸਟ ਪਾਰਟੀਆਂ ਆਪਣੀ ਸਾਰੀ ਅਗਾਂਹਵਧੂ ਦਿੱਖ ਅਤੇ ਲੋਕ ਹੱਕੀ ਪਾਲਸੀ ਦੇ ਨਾਅਰਿਆਂ ਦੇ ਬਾਵਜੂਦ ਫਾਡੀ ਹਾਲਤ ਤੋਂ ਵੀ ਥਲੇ ਰਹੀਆਂ। ਇਹਨਾਂ ਪਾਰਟੀਆਂ ਨੂੰ ਲੋਕਾਂ ਕਿਉਂ ਤਿਆਗਿਆ ਹੈ ਇਹ ਇਨ੍ਹਾਂ ਦੇ ਵਿਚਾਰਣ ਦਾ ਵਿਸ਼ਾ ਹੈ।

ਦਿਲੀ ਦੀਆਂ ਚੋਣਾਂ ਦਾ ਰਾਸ਼ਟਰੀ ਅਤੇ ਅੰਤ੍ਰ-ਰਾਸ਼ਟਰੀ ਮਹੱਤਵ ਹੈ ਅਤੇ ਇਹ ਦੇਸ਼ ਦੀ ਭਵਿਖ ਦੀ ਸਿਆਸਤ ਤੇ ਅਸਰ ਅੰਦਾਜ਼ ਹੋਣਗੀਆਂ।

## ਆਸਾਮ ਦਾ ਮਸਲਾ

ਆਸਾਮ ਸੜ ਰਿਹਾ ਹੈ। ਹੁਣੇ ਹੁਣੇ ਹੋਈਆਂ ਚੋਣਾਂ 'ਚ ਜਦੋਂ ਵੋਟਾਂ ਗਿਣੀਆਂ ਜਾ ਰਹੀਆਂ ਸਨ ਤਾਂ ਦੂਸਰੇ ਪਾਸੇ ਮਰਿਆ ਦੀਆਂ ਲਾਸ਼ਾਂ ਵੀ ਗਿਣੀਆਂ ਜਾ ਰਹੀਆਂ ਸਨ। ਵਡੇ ਪੈਮਾਨੇ ਤੇ ਸਾੜ ਫੂਕ ਹੋਈ ਤੇ ਬੇਦਰਦੀ ਨਾਲ ਹਜ਼ਾਰਾਂ ਇਨਸਾਨਾਂ ਦਾ ਕਤਲੇਆਮ ਹੋਇਆ। ਆਜ਼ਾਦੀ ਦੇ ਛੱਤੀ ਸਾਲਾਂ ਬਾਅਦ ਵੀ ਸੰਪਰਦਾਇਕ ਦੰਗਿਆ ਦਾ ਹੋਣਾ ਬਹੁਤ ਸ਼ਰਮ ਦੀ ਗੱਲ ਹੈ। ਇਹ ਠੀਕ ਹੈ ਕਿ ਆਸਾਮੀਆਂ ਦਾ ਆਪਣਾ ਇਕ ਮਸਲਾ ਹੈ ਤੇ ਵੱਡੀ ਤਾਦਾਦ ਵਿਚ ਬੰਗਾਲੀਆਂ ਦਾ ਬੰਗਲਾ ਦੇਸ਼ ਵਿਚੋਂ ਆ ਕੇ ਵਸਨਾ ਇਕ ਗੁੰਝਲਦਾਰ ਸਮਸਿਆ ਬਣ ਗਿਆ ਹੈ ਪਰ ਸਿਆਸੀ ਪਾਰਟੀਆਂ ਨੇ ਵੀ ਮਸਲੇ ਨੂੰ ਮਾਨਵੀ ਪੱਧਰ ਤੇ ਹੱਲ ਕਰਨ ਦੀ ਬਜਾਏ ਸਿਆਸੀ ਉਦੇਸ਼ਾਂ ਨੂੰ ਹੀ ਮੁਖ ਰਖਿਆ ਹੈ। ਬੜੇ ਚਿਰ ਤੋਂ ਆਸਾਮ ਮਸਲੇ ਤੇ ਗਲਬਾਤ ਚਲ ਰਹੀ ਹੈ ਇਸ ਵਿਚ ਹਾਕਮ ਅਤੇ ਵਿਰੋਧੀ ਪਾਰਟੀਆਂ ਵੀ ਹਿਸਾ ਲੈਂਦੀਆਂ ਰਹੀਆਂ ਹਨ। ਪਰ ਗਲ ਬਣ ਬਣ ਕੇ ਟੁਟਦੀ ਰਹੀ ਹੈ। ਉਧਰੋਂ ਦੇਸ਼ ਦੇ ਵਿਧਾਨ ਅਨੁਸਾਰ ਰਾਸ਼ਟਰਪਤੀ ਰਾਜ ਦੋ ਵਾਰ ਛੇ ਮਹੀਨਿਆਂ ਤੋਂ ਵਧ ਕਿਸੇ ਸੂਬੇ ਵਿਚ ਰਹਿ ਨਹੀਂ ਸਕਦਾ। ਇਸ ਵਿਧਾਨ ਦੀ ਧਾਰਾ ਵਿਚ ਤਬਦੀਲੀ ਕਰਨ ਵਾਸਤੇ ਦੋ ਤਿਹਾਈ ਲੋਕ ਸਭਾ ਤੇ ਰਾਜ ਸਭਾ ਵੋਟਾਂ ਦੀ ਲੋੜ ਹੁੰਦੀ ਹੈ। ਇਸ ਤਬਦੀਲੀ ਨੂੰ ਆਪੋਜ਼ੀਸ਼ਨ ਦੀਆਂ ਕੁਝ ਪਾਰਟੀਆਂ ਮੰਨੀਆਂ ਹੀ ਨਾ ਅਤੇ ਜਦੋਂ ਵੋਟਾਂ ਪੈਣ ਵਾਲੀਆਂ ਸਨ ਤਾਂ ਇਹਨਾਂ

(ਬਾਕੀ ਦੇਖੋ ਸਫਾ ੭)



Sri Satguru Jagjit Singh Ji Elibrary NamdhariElibrary@gmail.com

ਕੌਮੀ ਜੂਨੀਅਰ ਚੈਂਪੀਅਨਸ਼ਿਪ

# ਹਾਕੀ ਨੂੰ ਨਵਾਂ ਜੀਵਨ ਦੇ ਰਿਹਾ ਜੀਵਨ ਨਗਰ

—ਰੇਸ਼ਮ ਸਿੰਘ

ਜਨਵਰੀ ਦੇ ਅੰਤਲੇ ਤੇ ਫਰਵਰੀ ਦੇ ਪਹਿਲੇ ਹਫਤੇ ਜਬਲਪੁਰ ਵਿਚ ਹੋਈ ਜੂਨੀਅਰ ਕੌਮੀ ਹਾਕੀ ਚੈਂਪੀਅਨਸ਼ਿਪ ਵਿਚ ਜਿਥੇ ਯੂ. ਪੀ. ਦਾ ਆਸ ਮੁਤਾਬਕ ਚੌਥੀ ਵਾਰ ਚੈਂਪੀਅਨ ਬਣਨਾ ਤੇ ਪੰਜਾਬ ਦਾ ਆਸ ਦੇ ਉਲਟ ਸੈਮੀ-ਫਾਈਨਲ ਵਿਚ ਹੀ ਹਾਰ ਜਾਣਾ ਮੁਖ ਘਟਨਾਵਾਂ ਸਨ ਉਥੇ ਹਰਿਆਣਾ ਦਾ ਫਾਈਨਲ ਵਿਚ ਪਹੁੰਚਣਾ ਬਹੁਤ ਵੱਡੀ ਸਨਸਨੀ ਸੀ।

ਹਰਿਆਣਾ ਦੀ ਇਹ ਟੀਮ, ਜਿਹੜੀ ਸਾਰੀ ਦੀ ਸਾਰੀ ਸਿਰਸਾ ਲਾਗੇ ਜੀਵਨਨਗਰ ਦੇ ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲਿਆ ਦੇ ਵਿਦਿਆਰਥੀਆਂ 'ਤੇ ਅਧਾਰਤ ਸੀ, ਜੇ ਵਧ ਹਮਲਾਵਰ ਖੇਡ ਖੇਡਦੀ ਤਾਂ ਯੂ. ਪੀ. ਨੂੰ ਵੀ ਹਰਾ ਸਕਦੀ ਸੀ। ਯੂ. ਪੀ. ਵਾਂਗ ਹੀ ਇਸ ਨੇ ਆਪਣੇ ਪਹਿਲੇ ਹੀ ਮੈਚ ਤੋਂ ਬਿਹਤਰੀਨ ਸ਼ੁਰੂਆਤ ਕੀਤੀ। ਗਰੁਪ 'ਸੀ' ਦੀਆਂ ਦੂਜੀਆਂ ਦੋ ਟੀਮਾਂ ਰਾਜਸਥਾਨ ਤੇ ਤਾਮਿਲ-ਨਾਡੂ ਨੂੰ ਇਹ ਕ੍ਰਮਵਾਰ ੫-੦ ਤੇ ੧-੦ ਨਾਲ ਹਰਾ ਕੇ ਕੁਆਟਰ ਫਾਈਨਲ ਵਿਚ ਪਹੁੰਚੀ, ਜਿਥੇ ਇਸ ਦਾ ਮੁਕਾਬਲਾ ਪਿਛਲੇ ਸਾਲ ਦੀ ਰਨਰਜ਼ ਅਪ ਮਨੀਪੁਰ ਦੀ ਟੀਮ ਨਾਲ ਹੋਇਆ। ਮਨੀਪੁਰ ਦਾ ਇਸ ਵਾਰ ਸੈਮੀਫਾਈਨਲ ਵਿਚ ਆਉਣਾ ਨਿਸਚਤ ਜਾਪਦਾ ਸੀ ਪਰ ਕੌਮੀ ਮਿੰਨੀ ਚੈਂਪੀਅਨ-ਸ਼ਿਪ ਤੇ ਕਈ ਹੋਰ ਖੇਤਰੀ ਤੇ ਕੌਮੀ ਮੁਕਾਬਲਿਆਂ ਦੇ ਤਜਰਬੇ ਨਾਲ ਸਰਸ਼ਾਰ ਨਾਮਧਾਰੀ ਲੜਕੇ ਤਹਿਲਕਾ ਮਚਾਉਣ ਦੇ ਮੰਤਵ ਨਾਲ ਆਏ ਸਨ, ਉਨ੍ਹਾਂ ਮਨੀਪੁਰ ਨੂੰ ਖੇਡ ਦੇ ਕਿਸੇ ਵੀ ਹਿੱਸੇ ਵਿਚ ਬਰਤਰੀ ਹਾਸਲ ਨਾ ਕਰਨ ਦਿਤੀ ਤੇ ਦਰਸ਼ਨ ਸਿੰਘ ਦੇ ਪਾਸ ਉਤੇ ਗੁਰਨਾਮ ਵਲੋਂ ਕੀਤੇ ਗੋਲ ਨਾਲ ਸੈਮੀਫਾਈਨਲ ਵਿਚ ਪਹੁੰਚ ਗਏ। ਇਥੇ ਉਸ ਦੀ ਟੱਕਰ ਆਪਣੇ ਗੁਆਂਢੀ (ਪੰਜਾਬ) ਨਾਲ ਪਈ, ਜਿਹੜਾ ਆਪਣੇ ਗਰੁਪ ਵਿਚ ਹਿਮਾਚਲ ਤੇ ਸੈਨਾ ਦੇ ਮੁਕਾਬਲੇ ਉਤੇ ਨਾ ਨਿਤਰਨ 'ਤੇ ਸਿਧਾ ਕੁਆਟਰਫਾਈਨਲ ਵਿਚ ਦਾਖਲ ਹੋ ਕੇ ਵਿਦਰਭਾ ਨੂੰ ੬-੦ ਨਾਲ ਹਰਾ ਕੇ ਸੈਮੀਫਾਈਨਲ ਵਿਚ ਪਹੁੰਚਿਆ ਸੀ। ਪੰਜਾਬ ਕੋਲ ਗੁਰਪ੍ਰੀਤ ਵਰਗਾ ਤੇਜ਼



'ਨਾਮਧਾਰੀ ਹਾਕੀ ਟੀਮ ਦੇ ਉਸਰੀਏ' ਠਾਕਰ ਦਲੀਪ ਸਿੰਘ ਮੀਤ ਪ੍ਰਧਾਨ ਹਰਿ-ਆਣਾ ਹਾਕੀ ਐਸੋਸੀਏਸ਼ਨ

ਇਨਸਾਈਡ ਲੈਫਟ ਸੀ ਜਿਸ ਨੇ ਵਿਦਰਭਾ ਵਿਰੁਧ ਹੈਟਟ੍ਰਿਕ ਸਮੇਤ ਚਾਰ ਗੋਲ ਕੀਤੇ। ਇਨ੍ਹਾਂ ਨਾਮਧਾਰੀ ਲੜਕਿਆਂ 'ਤੇ ਅਧਾਰਤ ਮਿੰਨੀ ਟੀਮ ਪੰਜਾਬ ਨੂੰ ੧੯੭੯ ਵਿਚ ਜਲੰਧਰ ਵਿਚ ਹਰਾਕੇ ਗਈ ਸੀ ਤਾਂ ਵੀ ਭੇੜ ਕਾਂਟੇ ਦਾ ਹੋਣ ਦੀ ਆਸ ਸੀ।

੫ ਫਰਵਰੀ ਨੂੰ ਹਿਟ ਲਗਦਿਆਂ ਹੀ ਲਹੂ ਗਰਮਾਊ ਮੈਚ ਸ਼ੁਰੂ ਹੋ ਗਿਆ। ਤੀਜੇ ਮਿੰਟ ਦੇ ਹਮਲੇ ਵਿਚ ਹਰਿਆਣੇ ਵਾਲਿਆਂ ਨੇ ਪੈਨਾਲਟੀ ਕਾਰਨਰ ਹਾਸਲ ਕਰ ਲਿਆ। ਦਰਸ਼ਨ ਸਿੰਘ ਦੀ ਹਿਟ ਨੂੰ ਕ੍ਰਿਪਾਲ ਨੇ ਗਲਤ ਢੰਗ ਨਾਲ. ਰੋਕਿਆ ਜਿਸ ਦਾ ਨਤੀਜਾ ਪੈਨਾਲਟੀ ਸਟਰੋਕ ਵਿਚ



Sri Satguru Jagjit Singh Ji Elibrary NamdhariElibrary@gmail.com

ਨਿਕਲਿਆ, ਉਸ ਨੂੰ ਗੋਲ ਵਿਚ ਬਦਲਣ ਵਿਚ ਸੈਂਟਰ ਫਾਰਵਰਡ ਗੁਰਮੇਜ ਨੇ ਕੋਈ ਗਲਤੀ ਨਹੀਂ ਕੀਤੀ। ਇਸ ਗੋਲ ਨੇ ਖੇਡ ਨੂੰ ਸ਼ੁਰੂ ਤੋਂ ਹੀ ਗਰਮਾ ਦਿਤਾ। ਪੰਜਾਬ ਦੇ ਕੁਲਜੀਤ ਤੇ ਕ੍ਰਿਪਾਲ ਨੇ ਲਗਾਤਾਰ ਹਮਲੇ ਕੀਤੇ ਪਰ ਨਾਮਧਾਰੀ ਲੜਕੇ ਚੀਨ ਦੀ ਕੰਧ ਬਣ ਗਏ ਸਨ। ਪੰਜਾਬ ਵਲੋਂ ਮੈਚ ਦੇ ਅੰਤ ਤਕ ਹਮਲੇ ਹੁੰਦੇ ਰਹੇ ਪਰ ਨਾਮਧਾਰੀ ਲੜਕਿਆਂ ਨੇ ਕੋਈ ਮੌਕਾ ਨਾ ਦਿਤਾ। ਕੇਵਲ ਇਕ ਸਮੇਂ ਕ੍ਰਿਪਾਲ ਬੈਕਾਂ ਨੂੰ ਉਲੰਘਿਆ ਪਰ ਉਹ ਗੋਲਕੀਪਰ ਸਵਿੰਦਰ ਸਿੰਘ ਨੇ ਖਾਲੀ ਮੋੜ ਦਿਤਾ।

ਟੂਰਨਾਮੈਂਟ ਦੇ ਇਸ ਸਭ ਤੋਂ ਫਸਵੇਂ ਮੈਚ ਦੇ ਅੰਤ ਤੋਂ ਦੋ ਮਿੰਟ ਪਹਿਲਾਂ ਇਕ ਬਹੁਤ ਮਾੜੀ ਘਟਨਾ ਵਾਪਰੀ ਫੈਸਲਾਕੁਨ ਗੋਲ ਕਰਨ ਵਾਲਾ ਗੁਰਮੇਜ ਪੰਜਾਬ ਦੇ ਲੜਕਿਆਂ ਦੇ ਜਲਾਲ ਦਾ ਸ਼ਿਕਾਰ ਹੋਇਆ। ਉਸ ਨੂੰ ਸਟਰੇਚਰ ਉਤੇ ਪਾਕੇ ਬਾਹਰ ਲਿਜਾਣਾ ਪਿਆ। ਮੈਦਾਨ ਵਿਚ ਵਧਦੀ ਹਿੰਸਾ ਦਾ ਇਹ ਵਰਤਾਰਾ ਨਿਖੇਧੀਯੋਗ ਹੈ। ਅਧਿਕਾਰੀਆਂ ਨੂੰ ਖੇਡ 'ਚ ਅਜਿਹੀਆਂ ਘਟਨਾਵਾਂ ਰੋਕਣ ਵਲ ਖਾਸ ਧਿਆਨ ਦੇਣਾ ਚਾਹੀਦਾ ਹੈ।

ਦੂਜੇ ਸੈਮੀਫਾਈਨਲ ਵਿਚ ਯੂ. ਪੀ. ਜੰਮੂ-ਕਸ਼ਮੀਰ, ਜੋ ਕਿ ਪਹਿਲੀ ਵਾਰ ਸੈਮੀਫਾਈਨਲ ਵਿਚ ਪਹੁੰਚਿਆ ਸੀ, ਨੂੰ ੨-੧ ਨਾਲ ਹਰਾਕੇ ਫਾਈਨਲ ਵਿਚ ਪਹੁੰਚਿਆ। ਪੰਜਾਬ ਨੂੰ ਦਿਤੀ ਲੜਾਈ ਤੋਂ ਬਾਅਦ ਲੋਕ ਯੂ. ਪੀ. ਦੇ ਹਕ ਵਿਚ ੧੦੦ ਫੀਸਦੀ ਫਤਵਾ ਦੇਣ ਤੋਂ ਝਿਜਕਣ ਲਗ ਪਏ ਸੀ ਪਰ ਕੌਮੀ ਸਿਤਾਰਿਆਂ ਨਾਲ ਲੈਸ ਯੂ.ਪੀ. ਨੂੰ ਚੈਂਪੀਅਨਸ਼ਿਪ ੨-੦ ਨਾਲ ਜਿਤਣ ਲਈ ਬਹੁਤਾ ਜ਼ੋਰ ਨਹੀਂ ਲਾਉਣਾ ਪਿਆ। ਸਾਰੇ ਮੈਚ ਦੌਰਾਨ ਹਰਿਆਣਾ ਦੇ ਖਿਡਾਰੀ ਡੀਫੈਂਸ 'ਤੇ ਹੀ ਰਹੇ ਜਿਹੜੀ ਕਿ ਸਾਡੀ ਹਾਕੀ ਵਿਚ ਇਕ ਬਹੁਤ ਵੱਡੀ ਕਮਜ਼ੋਰੀ ਹੈ। ਉਨ੍ਹਾਂ ਦੇ ਕਈ ਖਿਡਾਰੀ ਪਿਛਲੇ ਮੈਚ ਵਿਚ ਜ਼ਖਮੀ ਹੋਣ ਕਾਰਨ ਵੀ ਖੇਡ ਜ਼ਿਆਦਾ ਮਘੀ ਨਹੀਂ। ਤਾਂ ਵੀ ਸਮੁਚੇ ਟੂਰਨਾਮੈਂਟ ਵਿਚ ਨਾਮਧਾਰੀ ਲੜਕਿਆਂ ਨੇ ਦਰਸ਼ਕਾਂ ਨੂੰ ਸਭ ਤੋਂ ਵਧ ਮੋਹਿਆ।

ਦਿਲਚਸਪ ਗਲ ਹੈ ਕਿ ਹਰਿਆਣਾ ਦੀ ਟੀਮ ਵਿਚ ਸਾਰੇ ਖਿਡਾਰੀ ੧੬ ਸਾਲ ਤਕ ਦੀ ਉਮਰ ਦੇ ਸਨ। ਸਭ ਤੋਂ ਛੋਟਾ ੧੨ ਸਾਲ ਦਾ ਸੀ। ਅਗਲੇ ਦੋ ਸਾਲਾਂ ਤਕ ਇਹੀ ਟੀਮ ਚੈਂਪੀਅਨਸ਼ਿਪ ਵਿਚ ਖੇਡ ਸਕਦੀ ਹੈ!

ਨਾਮਧਾਰੀ ਸਤਿਗੁਰੂਜੀ ਦੀ ਸਰਪ੍ਰਸਤੀ ਹੇਠ ਵਿਕਸਤ ਹੋ ਰਹੀ ਇਹ ਟੀਮ ਉਘ ਕੋਚ ਸ: ਮੇਜਰ ਸਿੰਘ ਕੋਲੋਂ ਕੋਚਿੰਗ ਲੈ ਰਹੀ ਹੈ। ਇਨ੍ਹਾਂ ਖਿਡਾਰੀਆਂ ਨੂੰ ਜੀਵਨ ਨਗਰ ਵਿਚ ਚੰਗੀਆਂ ਸਹੂਲਤਾਂ ਪ੍ਰਾਪਤ ਹਨ। ਚੰਗੀ ਖੁਰਾਕ ਤੋਂ ਇਲਾਵਾ ਇਨ੍ਹਾਂ ਲੜਕਿਆਂ ਨੂੰ ਦੇਸ ਵਿਚ ਹੁੰਦਾ ਹਰ ਕੌਮਾਂਤਰੀ ਮੈਚ ਦਿਖਾਉਣ ਲਈ ਲਿਜਾਇਆ ਜਾਂਦਾ ਹੈ ਤੇ ਬਦੇਸ਼ਾਂ ਵਿਚ ਹੁੰਦੇ ਮੈਚਾਂ ਦੀਆਂ ਫਿਲਮਾਂ ਦਿਖਾਈਆਂ ਜਾਂਦੀਆਂ ਹਨ। ਇਹ ਸਹੂਲਤਾ ਤਾਂ ਸ਼ਾਇਦ ਸਾਡੀ ਕੌਮੀ ਟੀਮ ਦੇ ਖਿਡਾਰੀਆਂ ਨੂੰ ਵੀ ਪ੍ਰਾਪਤ ਨਹੀਂ।

ਹਾਕੀ ਨੂੰ ਦਲਦਲ ਵਿਚੋਂ ਕਢਣ ਦੀ ਨਾਮਧਾਰੀ ਸਮਾਜ ਵਲੋਂ ਆਪਣੇ ਤੌਰ ਉਤੇ ਕੀਤੀ ਜਾਣ ਵਾਲੀ ਕੋਸ਼ਸ਼ ਬਹੁਤ ਹੀ ਸ਼ਲਾਘਾਯੋਗ ਹੈ।

ਹਾਕੀ ਦੇ ਬਾਬਾ ਗੁਰਚਰਨ ਸਿੰਘ ਬੋਧੀ ਨੇ ਚਾਰ ਸਾਲ ਪਹਿਲਾਂ ਕਿਹਾ ਸੀ "ਜਿਵੇਂ ਨਾਮਧਾਰੀ ਸੰਪਰਦਾਇ ਨੇ ਆਪਣੇ ਬਚਿਆਂ ਅੰਦਰਲੀ ਖੇਡ ਪ੍ਰਤਿਭਾ ਨੂੰ ਲਭਿਆ ਅਤੇ ਵਿਕਸਤ ਕੀਤਾ ਹੈ ਉਸੇ ਤਰ੍ਹਾਂ ਹੀ ਜੇ ਭਾਰਤ ਦੀਆਂ ਵਖ ਵਖ ਖੇਡ ਸੰਸਥਾਵਾਂ, ਵਿਭਾਗ ਤੇ ਰਾਜ ਸਰਕਾਰਾਂ ਇਸ ਨੂੰ ਆਪਣੇ ਤਰਜ਼ੇ ਅਮਲ ਵਿਚ ਲਿਆਉਣ ਤਾਂ ਕੋਈ ਕਾਰਨ ਨਹੀਂ ਕਿ ਅਸੀਂ ਖੇਡ ਜਗਤ ਵਿਚ ਬਾਕੀ ਦੇ ਦੇਸ਼ਾਂ ਨਾਲੋਂ ਪਿਛੇ ਰਹਿ ਜਾਵਾਂਗੇ।"

ਹਰਿਆਣਾ ਵਲੋਂ ਇਸ ਸਕੂਲ ਦੀ ਪੂਰੀ ਟੀਮ ਨੂੰ ਹੀ ਅਪਨਾ ਕੇ ਜਬਲਪੁਰ ਭੇਜਣਾ ਇਕ ਚੰਗੀ ਸ਼ੁਰੂਆਤ ਹੈ।

---

(ਸਫਾ 2 ਦੀ ਬਾਕੀ)

ਪਾਰਟੀਆਂ ਨੇ ਚੋਣਾਂ ਰੁਕਵਾਣ ਲਈ ਵਿਧਾਨ ਤਰਮੀਮ ਲਈ ਪਾਰਲੀਮੈਂਟ ਨੂੰ ਫੌਰੀ ਤੌਰ ਤੇ ਸਦਣ ਅਤੇ ਤਰਮੀਮ ਦੇ ਹੱਕ ਵਿਚ ਪ੍ਰਧਾਨ ਮੰਤਰੀ ਨੂੰ ਪੇਸ਼ਕਸ਼ ਕੀਤੀ। ਪ੍ਰਧਾਨ ਮੰਤਰੀ ਜਿਹੜੀ ਕਿ ਕਦੇ ਵੀ ਲੜਾਈ ਵਿਚ ਸਿਆਸੀ ਪੱਖ ਤੋਂ ਕਮਜ਼ੋਰ ਨਹੀਂ ਪੈਂਦੀ ਨੇ ਇਹ ਤਜਵੀਜ਼ ਨਾ ਮੰਨੀ। ਚੋਣਾਂ ਹੋਈਆਂ ਤੇ ਨਾਲੋਂ ਨਾਲ ਹੀ ਕਤਲੇਆਮ। ਚੰਗਾ ਹੁੰਦਾ ਜੇ ਵਿਰੋਧੀ ਧਿਰ ਕਤਲੇ ਆਮ ਦੀ ਨਖੇਧੀ ਕਰਦੀ। ਜੇ ਕਤਲੇ-ਆਮ ਅਤੇ ਹਿੰਸਾ ਨਾਲ ਵਿਧਾਨਕ ਕਾਰਵਾਈ ਚੋਣਾਂ ਆਦਿ ਰੋਕੀਆਂ ਜਾਣ ਤਾਂ ਇਹ ਰੁਝਾਨ ਕਿਤੇ ਵੀ ਇਲੈਕਸ਼ਨ ਨਹੀਂ ਹੋਣ ਦੇਵੇਗਾ। ਉਸ ਦੇ ਸਿਟੇ ਹੋਰ ਵੀ ਤਬਾਹਕੁਨ ਹੋਣਗੇ। ਕੋਈ ਵੀ ਗਰੁਪ ਜਾਂ ਪਾਰਟੀ ਇਹ ਹਰਬਾ ਵਰਤ ਕੇ ਲੰਮੇ ਸਮੇਂ ਤਕ ਆਪਣੇ ਵਿਰੋਧੀਆਂ ਨੂੰ ਕੁਰਸੀਆਂ ਤੋਂ ਲਾਂਭੇ ਰੱਖ ਸਕਦੀ ਹੈ। ਫੇਰ ਉਸ ਗਲ ਕਾਰਨ ਦੇਸ਼ ਦਾ ਕੀ ਹਸ਼ਰ ਹੋਵੇਗਾ। ਕਿਆਸ ਕੇ ਵੀ ਮਨ ਕੰਬਣ ਲਗਦਾ ਹੈ।

ਆਸਾਮ ਦਾ ਇਕ ਮਸਲਾ ਹੈ ਅਤੇ ਵਿਸ਼ੇਸ਼ ਮਸਲਾ ਹੈ ਪਰ ਹਿੰਸਾ ਨਾਲ ਇਹ ਮਸਲਾ ਕਦੇ ਵੀ ਹੱਲ ਨਹੀਂ ਹੋਵੇਗਾ ਸਗੋਂ ਉਲਝੇ ਗਾ ਹੀ।

ਜਿਨਾਂ ਚਿਰ ਤਕ ਸਰਕਾਰ, ਵਿਰੋਧੀ ਪਾਰਟੀਆਂ ਅਤੇ ਆਸਾਮ ਦੇ ਅੰਦੋਲਨਕਾਰੀ ਲੈ ਦੇ ਦੀ ਭਾਵਨਾ ਨਾਲ ਬੈਠ ਕੇ ਇਨਸਾਨੀ ਕਦਰਾਂ ਦੇ ਅਧਾਰ ਤੇ ਇਸ ਮਸਲੇ ਨੂੰ ਵਿਚਾਰਦੇ ਨਹੀਂ ਇਹ ਅਨਰਥ ਹੁੰਦੇ ਰਹਿਣਗੇ। ਇਸ ਨੂੰ ਰੋਕਣ ਲਈ ਸਿਆਸੀ ਤਕਾਜ਼ੇ ਛਿਕੇ ਟੰਗਣੇ ਪੈਣਗੇ।



Sri Satguru Jagjit Singh Ji Elibrary NamdhariElibrary@gmail.com

੧ੳ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# RAJPAL

## The Leading Name in Construction Machinery



CONCRETE MIXER 10/7 CFT



CONCRETE MIXER 7/5

Manufacturers of

- **Concrete Mixers of all Sizes**
- **Pan Mixers**
- **Vibrators of all Types**
- **Tower Hoists**
- **Hydraulic Press**
- **Spare Parts of all Makes Concrete Mixers**

Phones : Office : 529033
Factory : 501973
Resi. : 5J:454

# BALWANT SINGH & SONS

Office : 4E/11 JHANDEWALA EXTN.
NEW DELHI 110055

Factory : A 2/3, MAYA PURI, PHASE II
Opp. C-70 NEW DELHI-110064

Sri Satguru Jagjit Singh Ji Elibrary NamdhariElibrary@gmail.com

# ਕੂਕਾ ਲਹਿਰ ਦਾ ਰਾਜਸੀ ਪੱਖ

ਡਾ. ਫੌਜਾ ਸਿੰਘ

ਸਾਡੇ ਕੁਝ ਲੇਖਕ ਵਿਦਵਾਨ ਅਜੇ ਤੱਕ ਕੂਕਾ ਲਹਿਰ ਦੇ ਸੁਬੰਧ ਵਿਚ ਸਿੰਘ ਸਭਾ ਲਹਿਰ ਦੁਆਰਾ ਪਾਏ ਭੁਲੇਖਿਆਂ ਤੋਂ ਮੁਕਤ ਨਹੀਂ ਹੋ ਸਕੇ ਅਤੇ ਕੂਕਾ ਲਹਿਰ ਨੂੰ ਉਸ ਦੀਆਂ ਪ੍ਰਾਪਤੀਆਂ ਦੇ ਆਧਾਰ ਤੇ ਜੋ ਮਹੱਤਾ ਮਿਲਣੀ ਚਾਹੀਦੀ ਹੈ ਉਹ ਨਹੀਂ ਦੇ ਰਹੇ। ਇਹ ਕੇਵਲ ਕੂਕਾ ਲਹਿਰ ਨਾਲ ਹੀ ਬੇਇਨਸਾਫੀ ਨਹੀਂ ਸਗੋਂ ਸਿਖ ਇਤਿਹਾਸ ਨਾਲ ਵੀ ਅਨਿਆਇ ਹੈ।

ਸਿੰਘ ਸਭਾ ਲਹਿਰ ਦੀ ਮਹੱਤਾ ਤੋਂ ਮੈਂ ਇਨਕਾਰੀ ਨਹੀਂ ਹਾਂ। ਕੋਈ ਵੀ ਸਮਝਦਾਰ ਮਨੁੱਖ ਇਸ ਨੂੰ ਮੰਨਣ ਤੋਂ ਨਾਂਹ ਨਹੀਂ ਕਰ ਸਕਦਾ। ਸਿੱਖ ਕੌਮ ਉਤੇ ਇਸ ਦੀ ਛਾਪ ਅਮਿੱਟ ਹੈ। ਪਰ ਇਹ ਭੁਲਣਾ ਨਹੀਂ ਚਾਹੀਦਾ ਕਿ ਇਹ ਲਹਿਰ ਅੰਗਰੇਜ਼ਾਂ ਦੀ ਹਮਾਇਤ ਨਾਲ ਸ਼ੁਰੂ ਹੋਈ ਸੀ ਅਤੇ ਇਸ ਵਿਚ ਉਨ੍ਹਾਂ ਦਾ ਉਦੇਸ਼ ਸਿੱਖਾਂ ਦੇ ਮਨਾਂ ਨੂੰ ਕੂਕਾ ਪ੍ਰਭਾਵਾਂ ਤੋਂ ਪਰੇ ਖੜਣਾ ਸੀ। ਇਸ ਦੇ ਸਿੱਟੇ ਵਜੋਂ ਕੂਕਿਆਂ ਦੀ ਨੁਕਤਾਚੀਨੀ, ਉਨ੍ਹਾਂ ਦੀ ਵਿਰੋਧਤਾ, ਹਰ ਉਸ ਸਿੱਖ ਲਈ ਇਕ ਪ੍ਰਕਾਰ ਦਾ ਫੈਸ਼ਨ ਬਣ ਗਿਆ ਜਿਸ ਨੂੰ ਫਰੰਗੀ ਸਰਕਾਰ ਦੀ ਖੁਸ਼ਨੂਦੀ ਦਰਕਾਰ ਸੀ।

ਪਰ ਇਸ ਸਬੰਧ ਵਿਚ ਇਕ ਅੰਤਰ ਜ਼ਰੂਰ ਆ ਗਿਆ ਹੈ। ਉਨੀਵੀਂ ਸ਼ਤਾਬਦੀ ਦੇ ਅੰਖੀਰ ਵਿਚ ਜਦ ਕਿ ਸਿੰਘ ਸਭਾ ਲਹਿਰ ਪੂਰੇ ਜੋਬਨ ਤੇ ਸੀ, ਕੂਕਾ ਲਹਿਰ ਨੂੰ ਅੰਗਰੇਜ਼ ਵਿਰੋਧੀ, ਸਰਕਾਰ ਵਿਰੋਧੀ ਤੇ ਰਾਜਸੀ ਪਖੋਂ ਖਤਰਨਾਕ ਲਹਿਰ ਕਰ ਕੇ ਭੰਡਿਆ ਜਾਂਦਾ ਸੀ। ਹੁਣ ਜਦ ਸਮੇਂ ਦੇ ਗੇੜ ਨਾਲ ਅੰਗਰੇਜ਼-ਵਿਰੋਧਤਾ ਭਾਰਤ ਦੇ ਸੁਤੰਤਰਤਾ ਸੰਗਰਾਮ ਦਾ ਉੱਤਮ ਭਾਗ ਮੰਨਿਆ ਜਾਣ ਲਗ ਪਿਆ ਹੈ, ਤਾਂ ਇਸ ਲਹਿਰ ਦੇ ਵਿਰੋਧੀਆਂ ਨੇ ਇਹ ਕਹਿਣਾ ਸ਼ੁਰੂ ਕਰ ਦਿਤਾ ਹੈ। ਇਹ ਤਾਂ ਕੇਵਲ ਧਾਰਮਕ ਤੇ ਸਮਾਜ ਸੁਧਾਰ ਲਹਿਰ ਹੀ ਸੀ, ਇਸ ਨੂੰ ਰਾਜਸੀ ਕਹਿਣਾ ਭੁੱਲ ਹੈ। ੧੮੫੭ ਦੇ ਵਿਦਰੋਹ ਤੋਂ ਸਹਿਮੇ ਹੋਏ ਅੰਗਰੇਜ਼ਾਂ ਨੇ ਖਾਹ ਮਖਾਹ, ਬਗੈਰ ਕਿਸੇ ਕਾਰਣ ਦੇ ਕੂਕਿਆਂ ਨੂੰ ਹਕੂਮਤ ਦੇ ਵਿਰੋਧੀ ਸਿਆਸੀ ਬਾਗੀ ਕਰਾਰ ਦੇ ਦਿਤਾਂ ਜਿਹੜਾ ਕਿ ਹਕੀਕਤ ਤੋਂ ਬਹੁਤ ਦੂਰ ਹੈ। ਅਵੱਸ਼ ਹੀ ਇਨ੍ਹਾਂ ਲੋਕਾਂ ਦਾ ਨਾ ਪਹਿਲਾ ਪੈਂਤੜਾ ਠੀਕ ਸੀ, ਨਾ ਹੁਣ ਵਾਲਾ ਪੈਂਤੜਾ ਠੀਕ ਹੈ। ਇਤਿਹਾਸਕ ਖੋਜ ਦੇ ਹਿਤ ਵਿਚ ਇਸ ਸਮੱਸਿਆ ਦਾ ਨਿਰਣਾ ਵਿਗਿਆਨਕ ਢੰਗ ਨਾਲ ਕੀਤਾ ਜਾਣਾ ਚਾਹੀਦਾ ਹੈ ਤੇ ਮਨਾਂ ਅੰਦਰ ਬਹਿ ਗਏ ਭਰਮਾਂ ਭੁਲੇਖਿਆਂ ਨੂੰ ਦੂਰ ਕਰਨਾ ਚਾਹੀਦਾ ਹੈ।

ਇਸ ਵਿਸ਼ੇ ਦੇ ਸਬੰਧ ਵਿਚ ਮੈਂ ਕੁਝ ਤੱਥ ਪਾਠਕਾਂ ਦੇ ਦ੍ਰਿਸ਼ਟੀ ਗੋਚਰ ਕਰਨਾ ਚਾਹੁੰਦਾ ਹਾਂ ਜਿਹੜੇ ਮੇਰੇ ਮਤ ਅਨੁਸਾਰ ਇਸ ਗੁੱਥੀ ਦੇ ਸੁਲਝਾਉਣ ਵਿਚ ਸਹਾਈ ਹੋ ਸਕਦੇ ਹਨ।

੧੮੫੭ ਵਿਖੇ ਜਦ ਅਜੇ ਵਿਦਰੋਹ ਆਰੰਭ ਹੋਣਾ ਸੀ, ਬਾਬਾ ਰਾਮ ਸਿੰਘ ਜੀ ਨੇ ਜੋ ਪ੍ਰੋਗਰਾਮ ਤਿਆਰ ਕੀਤਾ ਤੇ ਆਪਣੇ ਕੁਝ ਨਿਕਟ ਵਰਤੀਆਂ ਸਾਹਮਣੇ ਰਖਿਆ, ਉਸ ਵਿਚ ਕਈ ਅਜਿਹੀਆਂ ਚੀਜ਼ਾਂ ਸਨ ਜਿਨ੍ਹਾਂ ਦੀ ਮਹੱਤਾ ਨਿਰੇ ਧਾਰਮਕ ਤੇ ਸਮਾਜਕ ਸੁਧਾਰ ਤੋਂ ਬਹੁਤ ਅੱਗੇ ਚਲੀ ਜਾਂਦੀ ਹੈ।

ਇਨ੍ਹਾਂ ਵਿਚੋਂ ਮੇਰੇ ਵਿਚਾਰ ਅਨੁਸਾਰ ਇਕ ਨੰਬਰ ਤੇ ਬਾਬਾ ਜੀ ਦਾ ਉਹ ਮਹਾਨ ਉੱਦਮ ਸੀ ਜੋ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸੇ ਦੀ ਰਹਿਤ ਮਰਯਾਦਾ ਦੀ ਬਹਾਲੀ ਵਾਸਤੇ ਕੀਤਾ। ਅਮ੍ਰਿਤਪਾਨ ਦੀ ਮਹੱਤਾ ਜੋ ਖਾਲਸਾ ਰਾਜ ਦੇ ਸਮੇਂ ਤਾਕਤ ਤੇ ਦੌਲਤ ਦੇ ਪ੍ਰਭਾਵ ਹੇਠ ਪਿਛਵਾੜੇ ਚਲੀ ਗਈ ਸੀ, ਉਸ ਉਤੇ ਉਨ੍ਹਾਂ ਨੇ ਮੁੜ ਤੋਂ ਜ਼ੋਰ ਦਿਤਾ। ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦੇ ਅਮ੍ਰਿਤ ਦੁਆਰਾ ਕੌਮ ਜਾਂ ਪੰਥ ਵਿਚ ਨਵੀਂ ਤਾਕਤ ਲਿਆਂਦੀ, ਨਵਾਂ ਸਾਹਸ ਭਰਿਆ, ਨਵਾਂ ਸੰਗਠਨ ਕਾਇਮ ਕੀਤਾ। ਜੇ ਗੁਰੂ ਸਾਹਿਬ ਦੇ ਰਚੇ ਸਾਹਿਤਕ ਗ੍ਰੰਥਾਂ ਨੂੰ ਜਿਨ੍ਹਾਂ ਵਿਚ ਚੰਡੀ ਦੀ ਵਾਰ, ਆਤਮ ਕਥਾ, ਸਵੱਯੇ ਆਦਿ ਵਿਸ਼ੇਸ਼ ਤੌਰ ਤੇ ਵਰਨਣ ਯੋਗ ਹਨ, ਅਤੇ ਉਨ੍ਹਾਂ ਦੇ ਖਾਲਸਾ ਸਿਰਜਣ ਤੋਂ ਪਹਿਲੋਂ ਦੇ ਜੀਵਨ ਦਾ ਧਿਆਨ ਪੂਰਬਕ ਅਧਿਅਨ ਕੀਤਾ ਜਾਵੇ ਤਾਂ ਬਿਲਕੁਲ ਸਿੱਧ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਦੇ ਸਾਹਮਣੇ ਸਭ ਤੋਂ ਵੱਡੀ ਵੰਗਾਰ ਮੁਗਲ ਹਾਕਮਾਂ ਦੇ ਅਤਿਆਚਾਰਾਂ ਤੇ ਜਨਤਾ ਵਿਰੋਧੀ ਵਤੀਰਿਆਂ ਦਾ ਟਾਕਰਾ



Sri Satguru Jagjit Singh Ji Elibrary NamdhariElibrary@gmail.com

ਕਰਨਾ ਸੀ। ਇਸ ਕਾਰਜ-ਸਿਧੀ ਲਈ ਉਨ੍ਹਾਂ ਨੇ ਅਵੱਸ਼ ਸਮਝਿਆ ਕਿ ਅਜਿਹੀ ਜਥੇਬੰਦੀ ਦਾ ਨਿਰਮਾਣ ਕੀਤਾ ਜਾਏ ਜੋ ਇਕ ਨਵੇਂ ਨਰੋਏ ਅਤਿਆਚਾਰ ਤੋਂ ਮੁਕਤ ਉੱਤਮ ਧਾਰਮਕ ਤੇ ਸਮਾਜਕ ਕਦਰਾਂ ਕੀਮਤਾਂ ਤੇ ਆਧਾਰਤ ਸਮਾਜ ਕਾਇਮ ਕਰੇ ਅਤੇ ਜੋ ਜਥੇਬੰਦੀ ਉਨ੍ਹਾਂ ਨੇ ਇਸ ਮਨੋਰਥ ਲਈ ਸਥਾਪਤ ਕੀਤੀ ਉਹ ਖਾਲਸਾ ਸੀ। ਖਾਲਸੇ ਦਾ ਸਬੰਧ ਸਮੁੱਚੇ ਜੀਵਨ ਘੋਲ ਨਾਲ ਜੋੜਿਆ ਗਿਆ ਜਿਸ ਵਿਚ ਸਾਰੇ ਪੱਖ, ਧਾਰਮਕ, ਸਮਾਜਕ, ਆਰਥਕ, ਸਦਾਚਾਰਕ ਰਾਜਨੀਤਕ ਆਦਿ ਸ਼ਾਮਲ ਹੁੰਦੇ ਹਨ। ਜ਼ਾਲਮ ਨਾਲ ਲੋਹਾ ਤੇ ਉਸ ਦਾ ਸਤਿਆਨਾਸ ਕਰਕੇ ਨਵੇਂ ਸਮਾਜ ਦੀ ਰੂਪ ਰੇਖਾ ਉਲੀਕਣਾ ਖਾਲਸੇ ਦੇ ਉਦੇਸ਼ ਦਾ ਜ਼ਰੂਰੀ ਅੰਗ ਸਨ। ਬਾਬਾ ਰਾਮ ਸਿੰਘ ਦੇ ਸਾਹਮਣੇ ਵੀ ਇਕ ਕਰੜੀ ਵੰਗਾਰ ਸੀ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਮਣੇ ਵੰਗਾਰ ਨਾਲ ਮਿਲਦੀ ਜੁਲਦੀ ਸੀ। ਇਸ ਲਈ ਬਾਬਾ ਜੀ ਦਾ ਵਿਸ਼ਵਾਸ ਸੀ ਕਿ ਇਸ ਵੰਗਾਰ ਦਾ ਮੁਕਾਬਲਾ ਕਰਨ ਲਈ ਸਭ ਤੋਂ ਵਧੀਆ ਤਰੀਕਾ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸੇ ਦੀ ਬਹਾਲੀ ਹੈ।

ਇਸ ਪ੍ਰੋਗਰਾਮ ਦੀ ਪੂਰਤੀ ਦੇ ਰਾਹ ਵਿਚ ਇਕ ਵੱਡੀ ਰੁਕਾਵਟ ਇਹ ਸੀ ਕਿ ਇੰਡੀਅਨ ਆਰਮਜ਼ ਐਕਟ ਦੇ ਅਧੀਨ ਕਿਰਪਾਨ ਸਜਾਉਣਾ ਕਾਨੂੰਨ ਦੇ ਵਿਰੁਧ ਸੀ। ਬਾਬਾ ਜੀ ਨੇ ਇਸ ਮੁਸ਼ਕਲ ਦਾ ਹਲ ਇਹ ਲਭਿਆ ਕਿ ਉਨ੍ਹਾਂ ਦੇ ਨਵੇਂ ਸਜੇ ਅਮ੍ਰਿਤਧਾਰੀ ਸਿੱਖ ਕਿਰਪਾਨ ਦੀ ਥਾਂ ਲਾਠੀ ਰਖਣ। ਲਾਠੀ ਰਹਿਤ ਮਰਯਾਦਾ ਵਿਚ ਕਿਰਪਾਨ ਦਾ ਠੀਕ ਬਦਲ ਤਾਂ ਨਹੀਂ ਸੀ ਹੋ ਸਕਦੀ, ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਨੇ ਲੋਹਾ ਪਹਿਨਣ ਅਤੇ ਲੋਹੇ ਦੇ ਸ਼ਸਤਰ ਰਖਣ ਉਤੇ ਜ਼ੋਰ ਦਿਤਾ ਸੀ ਨਾ ਕਿ ਲਕੜੀ ਦੇ ਹਥਿਆਰ ਰਖਣ ਤੇ। ਫਿਰ ਵੀ ਸਮੇਂ ਅਨੁਸਾਰ ਕਿਰਪਾਨ ਨਾ ਰਖਣ ਨਾਲੋਂ ਲਾਠੀ ਰਖਣਾ ਕਿਤੇ ਚੰਗਾ ਸੀ। ਇਸ ਸਬੰਧ ਵਿਚ ਇਹ ਵੀ ਨਹੀਂ ਭੁਲਣਾ ਚਾਹੀਦਾ ਕਿ ਲਾਠੀਆਂ ਦੇ ਨਾਲ ਨਾਲ ਘਵਾੜੀਆਂ ਟਕੂਏ ਤੇ ਗੰਡਾਸੇ ਵੀ ਰਖੇ ਜਾਂਦੇ ਸਨ, ਜਿਹੜੇ ਲੋਹਾ ਰਖਣ ਦੀ ਲੋੜ ਨੂੰ ਕੁਝ ਹੱਦ ਤਕ ਜ਼ਰੂਰ ਪੂਰਾ ਕਰ ਦਿੰਦੇ ਸਨ।

ਜਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਦੇ ਦਿਲਾਂ ਵਿਚ ਸੂਰਮਗਤੀ ਦੀ ਭਾਵਨਾ ਭਰਨ ਲਈ ਸੈਨਿਕ ਸਿਖਲਾਈ ਦਾ ਪ੍ਰੋਗਰਾਮ ਆਰੰਭ ਕੀਤਾ ਸੀ ਇੰਜ ਹੀ ਬਾਬਾ ਰਾਮ ਸਿੰਘ ਜੀ ਤੇ ਉਨ੍ਹਾ ਦੇ ਉਘੇ ਸੂਬਿਆਂ ਨੇ ਆਪਣੇ ਅਨੁਯਾਈਆਂ ਨੂੰ ਸੈਨਿਕ ਕਸਬ ਵਿਚ ਸਿਖਲਾਈ ਦੇਣ ਲਈ ਕਵਾਇਦ ਸ਼ੁਰੂ ਕੀਤੀ। ਚੂੰਕਿ ਇਹ ਕੰ[ਮ] ਖੁਲਮ ਖੁਲ੍ਹਾ ਨਹੀਂ ਸੀ ਹੋ ਸਕਦਾ, ਇਸ ਲਈ ਇਹ ਆ[ਮ] ਤੌਰ ਤੇ ਰਾਤੀਂ ਕੀਤਾ ਜਾਂਦਾ ਸੀ। ਸਾਡੇ ਪਾਸੇ ਅਜੇ ਤ[ਕ] ਕਈ ਸਰਕਾਰੀ ਜਸੂਸਾਂ ਦੀਆਂ ਖੁਫੀਆਂ ਰਿਪੋਰਟਾਂ ਮੌਜੂ[ਦ] ਹਨ ਜੋ ਇਸ ਵਿਸ਼ੇ ਤੇ ਚੋਖੀ ਰੋਸ਼ਨੀ ਪਾਉਂਦੀਆਂ ਹਨ।

ਬਾਬਾ ਜੀ ਦੇ ਪ੍ਰੋਗਰਾਮ ਦਾ ਇਕ ਹੋਰ ਜ਼ਰੂਰੀ ਅੰ[ਗ] ਚੰਡੀ ਦਾ ਪਾਠ ਸੀ। ਚੰਡੀ ਦੀ ਵਾਰ ਗੁਰੂ ਗੋਬਿੰ[ਦ] ਸਿੰਘ ਜੀ ਦੀ ਇਕ ਐਸੀ ਰਚਨਾ ਹੈ ਜਿਸ ਦੇ ਪਾਠ ਨਾ[ਲ] ਸਰੀਰ ਦੇ ਲੂੰ ਲੂੰ ਵਿਚ ਬਹਾਦਰੀ ਦਾ ਜਜ਼ਬਾ ਸਮਾ ਜਾਂਦ[ਾ] ਹੈ। ਇਸ ਵਾਰ ਵਿਚ ਦੇਵਤਿਆਂ ਤੇ ਰਾਖਸ਼ਾਂ ਦੀ ਲੜਾਈ ਦਾ ਵਰਣਨ ਹੈ। ਕਹਾਣੀ ਪੌਰਾਣਕ ਹੈ। ਪਰੰਤੂ ਗੁ[ਰੂ] ਜੀ ਨੇ ਇਸ ਦਾ ਕੇਵਲ ਲੜਾਈ ਨਾਲ ਸਬੰਧਤ ਭਾਗ ਹ[ੀ] ਲਿਆ ਹੈ। ਇਸ ਵਾਰ ਦੀ ਰਚਨਾ ਵਿਚ ਗੁਰੂ ਜੀ ਦ[ਾ] ਪ੍ਰਮੁਖ ਉਦੇਸ਼ ਬਹਾਦਰੀ ਜਾਂ ਵੀਰਤਾ ਦੀ ਭਾਵਨਾ ਪੈਦ[ਾ] ਕਰਨਾ ਸੀ। ਇਸ ਲਈ ਬਾਬਾ ਜੀ ਦਾ ਇਸ ਵਾਰ ਦ[ੇ] ਪਾਠ ਨੂੰ ਆਪਣੇ ਸਮੁੱਚੇ ਕਾਰਜ-ਕ੍ਰਮ ਵਿਚ ਸ਼ਾਮਲ ਕਰਨ ਤੇ ਉਸ ਨੂੰ ਸ੍ਰੇਸ਼ਟ ਦਰਜਾ ਦੇਣਾ ਸਪਸ਼ਟ ਕਰਦਾ ਹੈ ਕਿ ਬਾਬਾ ਜੀ ਵੀ ਇਸ ਦੁਆਰਾ ਵੀਰਤਾ ਦੀ ਭਾਵਨਾ ਉਤਪੰ[ਨ] ਕਰਨਾ ਚਾਹੁੰਦੇ ਸਨ। ਜਿਸ ਢੰਗ ਨਾਲ ਇਹ ਪਾਠ ਕੀਤ[ਾ] ਜਾਂਦਾ ਸੀ, ਉਹ ਉਹਨਾਂ ਦੇ ਅੰਦਰਲੇ ਮਨੋਰਥ ਨੂੰ ਹੋਰ ਵ[ੀ] ਸਾਫ ਕਰ ਦੇਂਦਾ ਹੈ। ਇਹ ਪਾਠ ਹਵਨ ਦੁਆਲੇ ਕੀਤ[ਾ] ਜਾਂਦਾ ਸੀ। ਹਵਨ ਦੀ ਅੱਗ ਦਾ ਸੇਕ, ਹਵਨ ਵਿਚ ਪ[ੈ] ਰਹੀ ਸਮੱਗਰੀ ਦੀ ਵਿਸ਼ੇਸ਼ ਸੁਗੰਧੀ, ਤੇ ਚੰਡੀ ਦੀ ਵਾਰ ਦ[ਾ] ਵੀਰ ਰਸ ਇਨ੍ਹਾਂ ਸਭਨਾਂ ਦਾ ਕੀ ਅਸਰ ਹੋ ਸਕਦਾ ਸ[ੀ] ਸਿਵਾਏ ਇਸ ਦੇ ਕਿ ਵੀਰਤਾ ਤੇ ਕੁਰਬਾਨੀ ਦੀ ਸਪਿਰ[ਟ] ਨਾਲ ਸਾਰਾ ਤਨ ਮਨ ਭਰਪੂਰ ਹੋ ਜਾਏ?

ਕੂਕਾ ਪ੍ਰੋਗਰਾਮ ਵਿਚ ਇਕ ਹੋਰ ਵੱਡਾ ਤੇ ਮਹੱਤਵਪੂਰਣ ਭਾਗ ਗਊ ਹੱਤਿਆ ਦੀ ਵਿਰੋਧਤਾ ਸੀ। ਇਸ ਸਬੰਧ ਵਿ[ਚ] ਸਾਡੇ ਕਈ ਵਿਦਵਾਨਾਂ ਨੂੰ ਭੁਲੇਖਾ ਲੱਗਾ ਹੈ। ਇ[ਕ] ਵਿਦਵਾਨ ਨੇ ਤਾਂ ਇਥੋਂ ਤਕ ਕਹਿ ਦਿਤਾ ਕਿ ਕੂਕਿਆ[ਂ] ਉਤੇ ਬ੍ਰਾਹਮਣਾਂ ਦਾ ਅਸਰ ਬਹੁਤ ਸੀ ਤੇ ਇਸੇ ਲਈ ਉ[ਹ] ਗਊ ਹੱਤਿਆ ਦਾ ਵਿਰੋਧ ਕਰਦੇ ਸਨ। ਇਸ ਤੋਂ ਵਧ[ੀਆ] ਗਲ ਸ਼ਾਇਦ ਹੀ ਕੋਈ ਹੋਵੇਗੀ। ਬਾਬਾ ਰਾਮ ਸਿੰਘ ਜ[ੀ] ਦਾ ਹਮੇਸ਼ਾ ਇਹ ਜਤਨ ਰਹਿੰਦਾ ਸੀ ਕਿ ਸਿੱਖੀ ਬ੍ਰਾਹਮਣੀ ਪ੍ਰਭਾਵਾਂ ਤੋਂ ਬਚਾਇਆ ਜਾਏ। ਉਨ੍ਹਾਂ ਨੂੰ ਦੇਵ



Sri Satguru Jagjit Singh Ji Elibrary NamdhariElibrary@gmail.com

ਦੇਵਤਿਆਂ, ਮੂਰਤੀਆਂ, ਮੜ੍ਹੀਆਂ, ਸਮਾਧਾਂ ਆਦਿ ਦੀ ਪੂਜਾ ਦਾ ਕਰੜਾ ਵਿਰੋਧ ਕੀਤਾ ਤੇ ਕੇਵਲ ਗੁਰਬਾਣੀ ਗਾਇਣ ਕਰਨ ਅਤੇ ਇਕ ਨਿਰੰਕਾਰ ਦੀ ਉਪਾਸ਼ਨਾ ਤੇ ਜ਼ੋਰ ਦਿਤਾ। ਇਸ ਲਈ ਇਹ ਕਹਿਣਾ ਕਿ ਉਹ ਬ੍ਰਾਹਮਣਾਂ ਦੇ ਅਸਰ ਹੇਠ ਸਨ ਬਿਲਕੁਲ ਨਿਰਮੂਲ ਗੱਲ ਹੈ।

ਇਹ ਸਮਝਣ ਲਈ ਕਿ ਕੂਕੇ ਗਊ ਹੱਤਿਆ ਦੇ ਕਿਉਂ ਵਿਰੋਧੀ ਸਨ, ਸਾਨੂੰ ਆਪਣੇ ਇਤਿਹਾਸ ਦੀ ਪਿੱਠ-ਭੂਮੀ ਵਲ ਧਿਆਨ ਦੇਣਾ ਪਏਗਾ। ਸਿੱਖਾਂ ਦੇ ਭਾਰਤ ਵਿਚ ਆਉਣ ਤੋਂ ਪਹਿਲਾਂ ਸਾਡੇ ਦੇਸ਼ ਵਿਚ ਮੁਗਲਾਂ ਦਾ ਰਾਜ ਸੀ। ਉਸ ਵੇਲੇ ਗਊ ਹੱਤਿਆ ਦੀ ਸਰਕਾਰ ਵਲੋਂ ਖੁਲ ਹੋਣ ਕਰਕੇ ਥਾਂ ਥਾਂ ਤੇ ਬੁਚੜਖਾਨੇ ਬਣੇ ਹੋਏ ਸਨ। ਸਿੱਖਾਂ ਨੂੰ ਸ਼ੁਰੂ ਤੋਂ ਹੀ ਇਹ ਗੱਲ ਪਸੰਦ ਨਹੀਂ ਸੀ। ਇਸ ਗੱਲ ਦਾ ਸੰਕੇਤ ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਸਪਸ਼ਟ ਮਿਲਦਾ ਹੈ। ਪਰੰਤੂ ਜਿੰਨਾ ਚਿਰ ਤੀਕ ਉਨ੍ਹਾਂ ਨੂੰ ਤਾਕਤ ਹਾਸਲ ਨਹੀਂ ਸੀ ਉਹ ਕੀ ਕਰ ਸਕਦੇ ਸਨ ? ਅਠਾਰਵੀਂ ਸਦੀ ਵਿਚ ਜਦੋਂ ਇਕ ਲੰਮੇ ਆਜ਼ਾਦੀ ਦੇ ਘੋਲ ਮਗਰੋਂ ਸਿੱਖ ਮਿਸਲਾਂ ਦਾ ਰਾਜ ਸਥਾਪਤ ਹੋਇਆ ਤਾਂ ਉਨ੍ਹਾਂ ਨੇ ਫੌਰਨ ਗਊ ਹੱਤਿਆ ਦੀ ਮਨਾਹੀ ਕਰ ਦਿਤੀ। ਮਹਾਰਾਜਾ ਰਣਜੀਤ ਸਿੰਘ ਨੇ ਇਸ ਪਾਲਸੀ ਨੂੰ ਹੋਰ ਵੀ ਦ੍ਰਿੜਤਾ ਨਾਲ ਜਾਰੀ ਰੱਖਿਆ। ਰਣਜੀਤ ਸਿੰਘ ਦੇ ਵਿਚਾਰਾਂ ਬਾਰੇ ਕੁਝ ਉਦਾਹਰਣਾਂ ਤੋਂ ਪੂਰੀ ਜਾਣਕਾਰੀ ਪ੍ਰਾਪਤ ਹੋ ਜਾਂਦੀ ਹੈ। ੧੮੦੮ ਵਿਚ ਜਦੋਂ ਸਰ ਚਾਰਲਸ ਮੈਟਕਾਫ ਆਪਣੀ ਸਰਕਾਰ ਦਾ ਏਲਚੀ ਬਣ ਕੇ ਮਹਾਰਾਜਾ ਸਾਹਿਬ ਨੂੰ ਕਸੂਰ ਵਿਚ ਮਿਲਿਆ ਤੇ ਦੋਸਤੀ ਦੇ ਅਹਿਦਨਾਮੇ ਲਈ ਅੰਗਰੇਜ਼ਾਂ ਦੀ ਖਾਹਸ਼ ਪ੍ਰਗਟ ਕੀਤੀ ਤਾਂ ਮਹਾਰਾਜਾ ਸਾਹਿਬ ਨੇ ਤੁਰੰਤ ਹੀ ਆਪਣੇ ਵਲੋਂ ਕੁਝ ਧਾਰਾਵਾਂ ਪੇਸ਼ ਕੀਤੀਆਂ। ਇਨ੍ਹਾਂ ਵਿਚ ਇਕ ਉਘੀ ਧਾਰਾ ਇਹ ਸੀ ਕਿ ਜਦੋਂ ਅੰਗਰੇਜ਼ ਸੈਨਾ ਉਸ ਦੇ ਮੁਲਕ ਵਿਚ ਹੋਵੇ ਜਾਂ ਉਥੋਂ ਦੀ ਗੁਜ਼ਰੇ ਉਹ ਕੋਈ ਡੰਗਰਾਂ ਦੀ ਹੱਤਿਆ ਨਾ ਕਰਨ ਇਕ ਹੋਰ ਉਦਾਹਰਣ ੧੮੩੩ ਦੇ ਮਹਾਰਾਜਾ ਸਾਹਿਬ ਤੇ ਸ਼ਾਹ ਸ਼ੁਜਾਹ ਵਿਚਕਾਰ ਕੋਈ ਸੰਧੀ ਤੋਂ ਮਿਲਦੀ ਹੈ। ਇਸ ਸੰਧੀ ਦੀ ਇਕ ਧਾਰਾ ਇਹ ਵਰਨਣ ਕਰਦੀ ਹੈ ਕਿ ਸ਼ਾਹ ਸ਼ੁਜਾਹ ਉਤੇ ਮਹਾਰਾਜੇ ਵਲੋਂ ਇਕ ਸ਼ਰਤ ਇਹ ਹੋਵੇਗੀ ਕਿ ਉਹ ਜਦੋਂ ਆਪਣੇ ਮੁਲਕ ਅਫਗਾਨਿਸਤਾਨ ਦਾ ਰਾਜਾ ਮੁੜ ਕੇ ਬਣ ਜਾਏ, ਆਪਣੇ ਮੁਲਕ ਵਿਚ ਸਿੱਖਾਂ ਦੇ ਜਜ਼ਬਾਤ ਦੀ ਕਦਰਦਾਨੀ ਵਜੋਂ ਡੰਗਰ ਮਾਰਨ ਦੀ ਮਨਾਹੀ ਕਰ ਦੇਵੇ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ (੧੮੩੯) ਪਿਛੋਂ ਪੰਜਾਬ ਵਿਚ ਖਲਬਲੀ ਮੱਚ ਗਈ ਜਿਸ ਦਾ ਲਾਭ ਉਠਾ ਕੇ ਅੰਗਰੇਜ਼ਾਂ ਨੇ ੧੮੪੫ ਦੇ ਅਖੀਰ ਤੇ ਪੰਜਾਬ ਤੇ ਹਮਲਾ ਕਰ ਦਿਤਾ। ਸਿੱਖਾਂ ਦੇ ਘਰ ਦੀ ਫੁੱਟ ਉਨ੍ਹਾਂ ਦੀ ਹਾਰ ਦਾ ਕਾਰਣ ਬਣ ਗਈ ਤੇ ਇਸ ਤਰ੍ਹਾਂ ਅੰਗਰੇਜ਼ਾਂ ਦਾ ਪੰਜਾਬ ਵਿਚ ਪੈਰ ਜਮਾਉਣ ਦਾ ਰਾਹ ਖੁਲ ਗਿਆ। ਕੁਝ ਹੀ ਸਾਲ ਮਗਰੋਂ ਅੰਗਰੇਜ਼ਾਂ ਦੀ ਕੁਟਲ ਨੀਤੀ ਦੇ ਕਾਰਣ ਪੰਜਾਬੀਆਂ ਵਿਸ਼ੇਸ਼ ਕਰਕੇ ਸਿੱਖਾਂ ਵਿਚ ਆਜ਼ਾਦੀ ਦਾ ਜੋਸ਼ ਉਠਿਆ ਤੇ ਉਨ੍ਹਾਂ ਨੇ ਅੰਗਰੇਜ਼ਾਂ ਵਿਰੁਧ ਬਗਾਵਤ ਕਰ ਦਿਤੀ। ਇਸ ਵੇਲੇ ਰਾਜਾ ਸ਼ੇਰ ਸਿੰਘ ਅਟਾਰੀ ਵਾਲਾ ਨੇ ਜੋ ਐਲਾਨ ਕੀਤਾ ਉਸ ਵਿਚ ਇਸ ਗੱਲ ਦਾ ਸਪਸ਼ਟ ਜ਼ਿਕਰ ਸੀ ਕਿ ਉਨ੍ਹਾਂ ਦਾ ਵਿਦਰੋਹ ਧਰਮ ਤੇ ਗਊ ਦੀ ਰਖਿਆ ਵਾਸਤੇ ਹੈ। ਇਸ ਦਾ ਪਿਛੋਕੜ ਇਸ ਪ੍ਰਕਾਰ ਸੀ ਕਿ ਪੰਜਾਬ ਵਿਚ ਜਦੋਂ ਤੋਂ (੧੮੪੬) ਅੰਗਰੇਜ਼ਾਂ ਦੇ ਪੈਰ ਪਏ ਸਨ, ਇਥੇ ਅਮ੍ਰਿਤਸਰ ਲਾਹੌਰ ਤੇ ਹੋਰ ਕਈ ਥਾਵਾਂ ਤੇ ਬੁਚੜਖਾਨੇ ਖੁਲ ਗਏ ਸਨ ਜੋ ਸਿੱਖਾਂ ਨੂੰ ਆਪਣੇ ਧਰਮ ਤੇ ਹਮਲੇ ਦੀ ਨਿਆਈਂ ਲਗਦੇ ਸਨ।

੧੮੪੯ ਵਿਚ ਸਿੱਖ ਇਕ ਵਾਰ ਫਿਰ ਅੰਗਰੇਜ਼ਾਂ ਕੋਲੋਂ ਹਾਰ ਗਏ। ਇਸ ਦੇ ਸਿੱਟੇ ਵਜੋਂ ਉਹਨਾਂ ਦਾ ਪਿਆਰਾ ਮੁਲਕ ਪੰਜਾਬ ਤੇ ਉਸ ਵਿਚ ਉਨ੍ਹਾਂ ਦਾ ਸੁਤੰਤਰ ਖਾਲਸਾ ਰਾਜ ਉਨ੍ਹਾਂ ਦੇ ਹੱਥਾਂ ਵਿਚੋਂ ਨਿਕਲ ਗਿਆ। ਹੁਣ ਅੰਗਰੇਜ਼ਾਂ ਨੂੰ ਪੂਰਾ ਪੂਰਾ ਅਧਿਕਾਰ ਮਿਲ ਗਿਆ, ਜਿਸ ਦਾ ਫਾਇਦਾ ਉਠਾ ਕੇ ਉਹਨਾਂ ਨੇ ਕਈ ਹੋਰ ਥਾਵਾਂ ਤੇ ਗਊਆਂ ਦੇ ਬੁਚੜਖਾਨੇ ਸਥਾਪਤ ਕਰ ਲਏ। ਇਸ ਦੇ ਨਾਲ ਸਿੱਖਾਂ ਦੇ ਧਰਮ ਅਸਥਾਨਾਂ ਦੀ ਇਜ਼ਤ ਨੂੰ ਵੀ ਸੱਟ ਵੱਜੀ, ਕਿਉਂਕਿ ਦਰਬਾਰ ਸਾਹਿਬ ਵਰਗੇ ਪਵਿਤਰ ਅਸਥਾਨ ਵਿਚ ਵੀ ਅੰਗਰੇਜ਼ ਜੁਤੀਆਂ ਖੜਣੋਂ ਸੰਕੋਚ ਨਹੀਂ ਕਰਦੇ ਸਨ। ਉਸ ਸਮੇਂ ਸਿੱਖਾਂ ਨੂੰ ਇਉਂ ਮਹਿਸੂਸ ਹੋਣ ਲਗਾ ਕਿ ਆਪਣਾ ਰਾਜ ਜਾਣ ਨਾਲ ਉਨ੍ਹਾਂ ਦਾ ਧਰਮ ਵੀ ਜਾ ਰਿਹਾ ਹੈ ਤੇ ਉਨ੍ਹਾਂ ਦੀ ਸਭਿਅਤਾ ਵੀ ਖਤਰੇ ਵਿਚ ਪੈ ਗਈ ਹੈ। ਇਹੋ ਕਾਰਨ ਸੀ ਕਿ ਜਦੋਂ ੧੮੫੭ ਵਿਚ ਬਗਾਵਤ ਹੋਈ ਤਾਂ ਰੋਪੜ ਸ਼ਹਿਰ ਵਿਚ ਵੀ ਕੁਝ ਸਿੱਖ ਨੇਤਾਵਾਂ ਨੇ ਬਗਾਵਤ ਦਾ ਝੰਡਾ ਉੱਚਾ ਕੀਤਾ, ਅਤੇ ਉਸ ਵੇਲੇ ਨਾਲ ਹੀ ਇਹ ਐਲਾਨ ਕੀਤਾ ਕਿ ਅਸੀਂ ਹੁਣ ਆਜ਼ਾਦ ਹੋ ਗਏ ਹਾਂ, ਖਾਲਸਾ ਰਾਜ ਮੁੜ ਤੋਂ ਸਥਾਪਤ ਹੋ ਗਿਆ ਹੈ, ਗਊ ਹੱਤਿਆ ਖਤਮ ਹੋ ਗਈ ਹੈ, ਇਤਿਆਦਿ। ਇਹ ਬਗਾਵਤ ਛੇਤੀ ਹੀ ਦਬਾ ਦਿਤੀ ਗਈ



Sri Satguru Jagjit Singh Ji Elibrary NamdhariElibrary@gmail.com

ਤੇ ਮੋਹਰ ਸਿੰਘ ਤੇ ਉਸ ਦੇ ਸਾਥੀਆਂ ਨੂੰ ਫਾਂਸੀ ਦੇ ਦਿਤੀ ਗਈ।

ਬਾਬਾ ਰਾਮ ਸਿੰਘ ਤੇ ਉਹਨਾਂ ਦੇ ਕੂਕਿਆਂ ਦਾ ਇਸ ਸਬੰਧ ਵਿਚ ਪ੍ਰਤੀਕਰਮ ਵੀ ਬਿਲਕੁਲ ਇੰਜ ਦਾ ਹੀ ਸੀ। ਉਹ ਅੰਗਰੇਜ਼ ਰਾਜ ਨੂੰ ਇਕ ਵੱਡੀ ਲਾਹਨਤ ਸਮਝਦੇ ਸਨ ਤੇ ਅੰਗਰੇਜ਼ਾਂ ਨੂੰ ਬਿਲੇ ਫਰੰਗੀ ਕਹਿ ਕੇ ਆਪਣੇ ਰਵੱਈਏ ਦਾ ਪ੍ਰਗਟਾਅ ਕਰਦੇ ਸਨ। ਗਊ ਹੱਤਿਆ ਦਾ ਦਿਨੋਂ ਦਿਨ ਵਧ ਰਿਹਾ ਕੋਹੜ ਉਨ੍ਹਾਂ ਨੂੰ ਆਪਣੇ ਸੁਤੰਤਰ ਖਾਲਸਾ ਰਾਜ ਦੀ ਯਾਦ ਮੁੜ ਮੁੜ ਦਵਾਉਂਦਾ ਸੀ। ਉਨ੍ਹਾਂ ਨੂੰ ਇਉਂ ਲਗਦਾ ਸੀ ਕਿ ਗਊ-ਹੱਤਿਆ ਤੇ ਗੁਲਾਮੀ ਇਕੋ ਰੋਗ ਦੀਆਂ ਦੋ ਜੜ੍ਹਾਂ ਹਨ ਅਤੇ ਗਊ ਹੱਤਿਆ ਤਾਂ ਹੀ ਦੂਰ ਹੋ ਸਕਦੀ ਹੈ ਜੇ ਗੁਲਾਮੀ ਨੂੰ ਦੂਰ ਕੀਤਾ ਜਾਏ। ਗਊ ਹੱਤਿਆ ਦੀ ਵਿਰੋਧਤਾ ਨੇ, ਇਸ ਪ੍ਰਕਾਰ ਇਕ ਸਿਆਸੀ ਚਿੰਨ੍ਹ ਦਾ ਰੂਪ ਧਾਰਨ ਕਰ ਲਿਆ। ਇਸ ਪਿਛੇ ਧਾਰਮਕ ਜਜ਼ਬਾ ਤਾਂ ਹੈ ਹੀ ਸੀ, ਪਰ ਇਹ ਕੇਵਲ ਧਾਰਮਕ ਜਜ਼ਬਾ ਹੀ ਨਹੀਂ ਸੀ। ਇਸ ਵਿਚ ਦੋਵੇਂ ਧਾਰਮਕ ਤੇ ਸਿਆਸੀ ਜਜ਼ਬੇ ਘੁਲੇ ਮਿਲੇ ਹੋਏ ਸਨ। ਇਸ ਲਈ ਕੂਕਾ ਦ੍ਰਿਸ਼ਟੀਕੋਣ ਨੂੰ ਕਿਸੇ ਧਾਰਮਕ ਕੱਟੜਤਾ ਦਾ ਪ੍ਰਤੀਕ ਨਹੀਂ ਸਮਝਣਾ ਚਾਹੀਦਾ, ਸਗੋਂ ਇਸ ਨੂੰ ਉਨ੍ਹਾਂ ਦੀ ਆਪਣੇ ਰਾਜ ਦੀ ਬਹਾਲੀ ਦੀ ਤਾਂਘ ਦਾ ਇਕ ਪ੍ਰਤੀਕ ਮੰਨਣਾ ਵਧੇਰੇ ਠੀਕ ਹੋਵੇਗਾ।

ਕੁਝ ਸਿੱਖ ਵਿਦਵਾਨਾਂ ਨੇ ਇਸ ਦ੍ਰਿਸ਼ਟੀਕੋਣ ਨੂੰ ਨਾ ਸਮਝਦੇ ਹੋਏ ਲਿਖਿਆ ਹੈ ਕਿ ਕੂਕਿਆਂ ਨੇ ਬੁਚੜਾਂ ਨਾਲ ਖਾਹ ਮਖਾਹ ਉਲਝ ਕੇ ਗਲਤੀ ਕੀਤੀ ਤੇ ਇਸ ਕਾਰਨ ਕੂਕਾ ਅੰਦੋਲਨ ਦੇ ਰਾਹ ਵਿਚ ਵੱਡੀ ਰੁਕਾਵਟ ਪੈ ਗਈ, ਕਿਉਂ ਜੋ ਅੰਗਰੇਜ਼ੀ ਸਰਕਾਰ ਨੇ ਇਸ ਗੱਲ ਦੀ ਆੜ ਲੈ ਕੇ ਅੰਦੋਲਨ ਨੂੰ ਸਖਤੀ ਨਾਲ ਦਬਾਉਣ ਦੇ ਜਤਨ ਅਰੰਭੇ। ਇਹ ਮਤ ਦਰੁਸਤ ਨਹੀਂ ਜਾਪਦਾ। ਇਹ ਗੱਲ ਉਸ ਵੇਲੇ ਦੀ ਸਰਕਾਰ ਨੇ ਵੀ ਮੰਨੀ ਹੈ ਕਿ ਗਊ ਹੱਤਿਆਂ ਦਾ ਸਵਾਲ ਬੜਾ ਨਾਜ਼ਕ ਸਵਾਲ ਸੀ ਜੋ ਗੈਰ-ਮੁਸਲਮਾਨਾਂ ਅਰਥਾਤ ਹਿੰਦੂਆਂ ਤੇ ਸਿੱਖਾਂ ਦੇ ਦਿਲਾਂ ਨੂੰ ਸਦਾ ਹੀ ਟੁੰਬਦਾ ਰਹਿੰਦਾ ਸੀ। ਅਜੇਹੇ ਸਵਾਲ ਨੂੰ ਅਗੇ ਲਿਆਉਣਾ ਤੇ ਮੋਰਚੇ ਦਾ ਵਿਸ਼ਾ ਬਨਾਉਣਾ ਕੂਕਿਆਂ ਦੀ ਸਿਆਸੀ ਸੂਝ-ਬੂਝ ਜ਼ਾਹਿਰ ਕਰਦਾ ਹੈ ਨਾ ਕਿ ਉਨ੍ਹਾਂ ਦਾ ਕੋਈ ਕੱਚਾਪਨ। ਜੇ ਉਨ੍ਹਾਂ ਨੂੰ ਆਪਣੇ ਮਨੋਰਥ ਵਿਚ ਕਾਮਯਾਬੀ ਨਾ ਹੋਈ ਤਾਂ ਇਸ ਦਾ ਕਾਰਣ ਇਹ ਨਹੀਂ ਕਿ ਉਨ੍ਹਾਂ ਦੇ ਵਿਸ਼ੇ ਦੀ ਚੋਣ ਠੀਕ ਨਹੀਂ ਸੀ। ਇਸ ਦੇ ਕਾਰਨ ਹੋਰ ਵੀ ਸਨ, ਜਿਵੇਂ ਕਿ ਅੰਗਰੇਜ਼ਾਂ ਦੀ ਮਹਾਨ ਤਾਕਤ ਤੇ ਸਮਾਜ ਵਿਚ ਸਰਕਾਰ ਪੱਖੀਆਂ ਦੀ ਬਹੁਲਤਾ।

ਅਜੇ ਬੁੱਚੜਾਂ ਉਤੇ ਕੂਕਿਆਂ ਦੇ ਹਮਲੇ ਸ਼ੁਰੂ ਨਹੀਂ ਸੀ ਹੋਏ ਜਦੋਂ ਉਨ੍ਹਾਂ ਨੇ ਨਿਪਾਲ ਤੇ ਜੰਮੂ ਕਸ਼ਮੀਰ ਦੇ ਰਾਜਿਆਂ ਨਾਲ ਸਬੰਧ ਜੋੜਣ ਦੇ ਜਤਨ ਸ਼ੁਰੂ ਕੀਤੇ। ਦੋਵੇਂ ਰਾਜੇ ਅੰਗਰੇਜ਼ਾਂ ਤੋਂ ਦੁਖੀ ਸਨ ਤੇ ਅੰਦਰੋ ਅੰਦਰ ਉਨ੍ਹਾਂ ਵਿਰੁਧ ਜਤਨ ਕਰਦੇ ਰਹਿੰਦੇ ਸਨ। ਨਿਪਾਲ ਵਿਚ ਇਕ ਕੂਕਾ ਵਫਦ ਭੇਜਿਆ ਗਿਆ ਜਿਸ ਰਾਹੀਂ ਉਸ ਰਾਜ ਨਾਲ ਗੁਪਤ ਗਲਬਾਤ ਕੀਤੀ ਗਈ। ਜੰਮੂ-ਕਸ਼ਮੀਰ ਦੀ ਸੈਨਾ ਵਿਚ ਇਕ ਕੂਕਾ ਸੂਬਾ ਕਰਨਲ ਹੀਰਾ ਸਿੰਘ ਕਈ ਵਰ੍ਹੇ ਨੌਕਰੀ ਕਰਦਾ ਰਿਹਾ ਜਿਸ ਨੇ ਇਕ ਕੂਕਾ ਕੰਪਨੀ ਤਿਆਰ ਕੀਤੀ। ਪਰ ਰਿਆਸਤਾਂ ਦੇ ਰਾਜਿਆਂ ਵਿਚ ਇੰਨੀ ਹਿੰਮਤ ਨਹੀਂ ਸੀ ਕਿ ਉਹ ਨਿਤਰ ਕੇ ਸਰਕਾਰ ਦੀ ਵਿਰੋਧਤਾ ਕਰਦੇ। ਜਦੋਂ ਵੀ ਸਰਕਾਰ ਨੂੰ ਉਨ੍ਹਾਂ ਤੇ ਸ਼ੱਕ ਪਿਆ, ਉਨ੍ਹਾਂ ਨੇ ਕੂਕਿਆਂ ਨੂੰ ਪਿੱਠ ਵਿਖਾ ਦਿਤੀ।

ਮੇਰੇ ਇਸ ਵਿਸ਼ੇ ਦੇ ਸਬੰਧ ਵਿਚ ਕੂਕਿਆਂ ਦੇ ਉਨ੍ਹਾਂ ਜਤਨਾਂ ਦੀ ਬੜੀ ਮਹਾਨਤਾ ਹੈ ਜੋ ਉਨ੍ਹਾਂ ਨੇ ਰੂਸ ਨਾਲ ਮਿੱਤ੍ਰਤਾ ਪੈਦਾ ਕਰਨ ਲਈ ਕੀਤੇ। ਉਨ੍ਹਾਂ ਨੂੰ ਪਤਾ ਸੀ ਕਿ ਰੂਸ ਤੇ ਬਰਤਾਨੀਆ ਵਿਚਕਾਰ ਸਖਤ ਦੁਸ਼ਮਣੀ ਹੈ। ਇਸ ਲਈ ਉਨ੍ਹਾਂ ਨੇ ਵਿਚਾਰ ਕੀਤਾ ਕਿ ਜੇ ਰੂਸ ਨੂੰ ਹਿੰਦੁਸਤਾਨ ਤੇ ਹਮਲੇ ਲਈ ਤਿਆਰ ਕਰ ਲਿਆ ਜਾਏ, ਤਾਂ ਉਹ ਅੰਗਰੇਜ਼ਾਂ ਨੂੰ ਮੁਲਕ ਵਿਚੋਂ ਬਾਹਰ ਕੱਢ ਦੇਵੇਗਾ ? ਕੂਕਾ ਸੂਬਾ ਗੁਰਚਰਨ ਸਿੰਘ ਨੇ ਇਸ ਮਤਲਬ ਲਈ ਹਿੰਦੁਸਤਾਨ ਤੇ ਕੇਂਦਰੀ ਏਸ਼ੀਆ ਵਿਚਕਾਰ ਕਈ ਗੁਪਤ ਚੱਕਰ ਕੱਟੇ। ਉਸ ਨੇ ਬਾਬਾ ਰਾਮ ਸਿੰਘ ਜੀ ਦੀ ਇਕ ਚਿੱਠੀ ਤੇ ਬਾਬਾ ਹਰੀ ਸਿੰਘ ਜੀ ਦੀ ਇਕ ਚਿੱਠੀ ਰੂਸੀ ਹਾਕਮਾਂ ਪਾਸ ਪਹੁੰਚਾਈ ਤੇ ਇਸੇ ਤਰ੍ਹਾਂ ਰੂਸੀ ਹਾਕਮਾਂ ਦੀਆਂ ਚਿੱਠੀਆਂ ਹਿੰਦੁਸਤਾਨ ਲਿਆਂਦੀਆਂ। ਇਨ੍ਹਾਂ ਵਿਚੋਂ ਕੁਝ ਚਿੱਠੀਆਂ ਨੈਸ਼ਨਲ ਆਰਕਾਈਵਜ਼, ਨਿਊ ਦਿੱਲੀ ਵਿਚ ਸੁਰਖਿਅਤ ਪਈਆਂ ਹਨ। ਸੂਬਾ ਗੁਰਚਰਨ ਸਿੰਘ ਨੂੰ ਕੁਝ ਸਰਕਾਰੀ ਜਸੂਸਾਂ ਨੇ ਫੜਾ ਦਿਤਾ ਤੇ ਉਹ ਕਈ ਵਰ੍ਹੇ ਜੇਲ੍ਹ ਵਿਚ ਰਿ[illegible]। ਇਸ ਦੌਰਾਨ ਕੂਕਿਆਂ ਵਿਚ ਇਹ ਭਵਿਸ਼ਬਾਣੀ ਆਮ ਪ੍ਰਚਲਤ ਸੀ ਕਿ ਰੂਸ ਹਿੰਦੁਸਤਾਨ ਤੇ ਹਮਲਾ ਕਰੇਗਾ ਤੇ ਇਸ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਮੁਕਤ ਕਰਾਏਗਾ।

ਜਦੋਂ ਮਹਾਰਾਜਾ ਦਲੀਪ ਸਿੰਘ ਆਪਣੇ ਵਜ਼ੀਫੇ ਨੂੰ ਲੱਤ ਮਾਰ ਕੇ ਅੰਗਰੇਜ਼ਾਂ ਦਾ ਵਿਰੋਧੀ ਬਣ ਕੇ ਮਾਸਕੋ ਅਪੜਿਆ, ਤਾਂ ਉਸ ਦੇ ਕੁਝ ਬੰਦਿਆਂ ਨੇ ਹਿੰਦੁਸਤਾਨ ਆ[illegible]


Sri Satguru Jagjit Singh Ji Elibrary NamdhariElibrary@gmail.com

ਕੇ ਲੋਕਾਂ ਨੂੰ ਵਿਸ਼ੇਸ਼ ਕਰਕੇ ਸਿੱਖਾਂ ਤੇ ਦੇਸੀ ਰਿਆਸਤਾਂ ਦੇ ਰਾਜਿਆਂ ਨੂੰ ਅਪੀਲ ਕੀਤੀ ਕਿ ਉਹ ਰੂਸ ਦਾ ਹਮਲਾ ਹੋਣ ਦੀ ਸੂਰਤ ਵਿਚ ਅੰਗਰੇਜ਼ਾਂ ਵਿਰੁਧ ਬਗਾਵਤ ਕਰ ਦੇਣ ਉਸ ਵੇਲੇ ਸਿੱਖਾਂ ਵਿਚ ਕੇਵਲ ਕੂਕਿਆਂ ਨੇ ਇਸ ਗੱਲ ਦਾ ਸਵਾਗਤ ਕੀਤਾ ਤੇ ਉਨ੍ਹਾਂ ਦਾ ਇਕ ਵਫਦ ਮਹਾਰਾਜਾ ਦਲੀਪ ਸਿੰਘ ਦੀ ਮੁਲਾਕਾਤ ਲਈ ਮਾਸਕੋ ਚਲ ਪਿਆ। ਇਸ ਵਫਦ ਬਾਰੇ ਸਾਡੇ ਪਾਸ ਪ੍ਰਮਾਣਿਕ ਇਤਿਹਾਸਕ ਗਵਾਹੀ ਮੌਜੂਦ ਹੈ। ਇਸ ਮੌਕੇ ਤੇ ਕੂਕਿਆਂ ਵਿਚ ਫਿਰ ਤੋਂ ਜੋਸ਼ ਉੱਠ ਪਿਆ ਤੇ ਉਨ੍ਹਾਂ ਨੇ ਕਈ ਖੁਫੀਆ ਸਮਾਗਮ ਕੀਤੇ। ਇਸ ਸਬੰਧੀ ਵੀ ਚੋਖੀ ਇਤਿਹਾਸਕ ਗਵਾਹੀ ਮਿਲਦੀ ਹੈ।

ਬਾਬਾ ਰਾਮ ਸਿੰਘ ਜੀ ਨੇ ਕੂਕਾ ਜਥੇਬੰਦੀ ਦਾ ਜੋ ਢਾਂਚਾ ਹੋਂਦ ਵਿਚ ਲਿਆਂਦਾ, ਉਸ ਤੋਂ ਇਕ ਮੁਤਵਾਜ਼ੀ ਸਰਕਾਰ ਦਾ ਭੁਲੇਖਾ ਪੈਂਦਾ ਸੀ। ਉਨ੍ਹਾਂ ਨੇ ਆਪਣੇ ਸੂਬਿਆਂ ਨੂੰ ਮੁਗ਼ਲ ਜਾਂ ਸਿੱਖ ਸੂਬੇਦਾਰਾਂ ਵਾਂਗੂੰ ਵੱਖ ਵੱਖ ਇਲਾਕਿਆਂ ਦੀ ਜ਼ੁਮੇਵਾਰੀ ਸੌਂਪੀ। ਆਪਣੇ ਆਪਣੇ ਇਲਾਕੇ ਵਿਚ ਇਹ ਸੂਬੇ ਕੂਕਾ ਲਹਿਰ ਦਾ ਪਰਚਾਰ ਕਰਦੇ ਸਨ। ਕੂਕਿਆਂ ਦਾ ਡਾਕ ਪ੍ਰਬੰਧ ਵੀ ਆਪਣਾ ਸੀ ਤੇ ਉਹ ਸਰਕਾਰੀ ਅਦਾਲਤਾਂ ਵਿਚ ਆਪਣੇ ਮੁਆਮਲੇ ਲੈ ਕੇ ਨਹੀਂ ਜਾਂਦੇ ਸਨ। ਉਹ ਅੰਗਰੇਜ਼ਾਂ ਦੇ ਚਲਾਏ ਸਕੂਲਾਂ ਤੇ ਕਾਲਜਾਂ ਦੇ ਵੀ ਵਿਰੁਧ ਸਨ। ਇਸ ਪਰਬੰਧਕ ਸਿਲਸਿਲੇ ਨੇ ਅੰਗਰੇਜ਼ਾਂ ਦੇ ਮਨਾਂ ਵਿਚ ਕੂਕਿਆਂ ਦੇ ਰਾਜਸੀ ਉਦੇਸ਼ ਸਬੰਧੀ ਸ਼ੱਕ ਹੋਰ ਪੱਕੇ ਕਰ ਦਿਤੇ। ਉਨ੍ਹਾਂ ਦਾ ਵਿਚਾਰ ਸੀ ਕਿ ਜੇ ਕੂਕਿਆਂ ਦਾ ਕੋਈ ਰਾਜਸੀ ਮਨੋਰਥ ਨਹੀਂ ਤਾਂ ਇਨ੍ਹਾਂ ਨੇ ਅਜਿਹੀ ਮੁਤਵਾਜ਼ੀ ਜਥੇਬੰਦੀ ਕਿਉਂ ਬਣਾਈ ਹੋਈ ਹੈ ?

ਅੰਗਰੇਜ਼ਾਂ ਨੇ ਕੂਕਾ ਅੰਦੋਲਨ ਨੂੰ ਕੁਚਲਣ ਲਈ ਪੂਰਾ ਵਾਹ ਲਾਇਆ। ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਲਗ ਪਗ ਸਾਰੇ ਪ੍ਰਸਿੱਧ ਸੂਬਿਆਂ ਨੂੰ ਪਕੜ ਕੇ ਪ੍ਰਦੇਸ ਭੇਜ ਦਿਤਾ। ਭੈਣੀ ਸਾਹਿਬ ਵਿਚ ਜੋ ਕੂਕਾ ਅੰਦੋਲਨ ਦਾ ਹੈਡ-ਕਵਾਟਰ ਸੀ, ਪੋਲੀਸ ਦੀ ਚੌਕੀ ਬਿਠਾ ਦਿਤੀ ਗਈ। ਕੂਕਾ ਜਥੇਬੰਦੀ ਨੂੰ ਕਾਨੂੰਨ ਵਿਰੁਧ ਕਰਾਰ ਦੇ ਦਿਤਾ ਗਿਆ ਤੇ ਉਸ ਦੀਆਂ ਕਾਰਵਾਈਆਂ ਤੇ ਕਰੜੀ ਨਜ਼ਰ ਰਖੀ ਜਾਣ ਲਗ ਪਈ। ਪਰੰਤੂ ਇਸ ਦਮਨ ਨੀਤੀ ਦੇ ਬਾਵਜੂਦ ਲਹਿਰ ਕੁਚਲੀ ਨਾ ਜਾ ਸਕੀ ਅਤੇ ਜੋ ਵੀਰਤਾ ਦੀ ਸ਼ਾਨਦਾਰ ਰਵਾਇਤ ਇਸ ਨੇ ਸਥਾਪਤ ਕੀਤੀ ਉਹ ਚਲਦੀ ਰਹੀ। ਬਾਬਾ ਸੋਹਣ ਸਿੰਘ ਭਕਨਾ ਦੀ ਰਚਿਤ 'ਆਤਮ ਕਹਾਣੀ' ਤੋਂ ਪਤਾ ਲਗਦਾ ਹੈ ਕਿ ਇਸ ਲਹਿਰ ਦਾ ਗਦਰੀ ਬਾਬਿਆਂ ਉਤੇ ਚੋਖਾ ਅਸਰ ਸੀ। ਬਾਬਾ ਸੋਹਣ ਸਿੰਘ ਨੇ ਲਿਖਿਆ ਹੈ ਕਿ ਉਸ ਨੂੰ ਦੇਸ਼-ਆਜ਼ਾਦੀ ਦੀ ਪਹਿਲੀ ਲਾਗ ਇਕ ਗਵਾਂਢੀ ਪਿੰਡ ਦੇ ਕੂਕਾ ਬਾਬਾ ਕੇਸਰ ਸਿੰਘ ਨੇ ਲਾਈ ਸੀ।

ਅੰਤ ਵਿਚ ਮੈਂ ਇਹ ਕਹਿਣਾ ਕੋਈ ਅਤ-ਕਥਨੀ ਨਹੀਂ ਸਮਝਦਾ ਕਿ ਕੂਕਾ ਅੰਦੋਲਨ ਦਾ ਸਾਡੇ ਦੇਸ਼ ਦੇ ਇਤਿਹਾਸ ਵਿਚ ਵਿਸ਼ੇਸ਼ ਕਰਕੇ ਪੰਜਾਬ ਦੇ ਤੇ ਸਿੱਖ ਕੌਮ ਦੇ ਇਤਿਹਾਸ ਵਿਚ ਬੜਾ ਮਹੱਤਵਪੂਰਨ ਅਸਥਾਨ ਹੈ। ਜਿਸ ਸਮੇਂ ਅੰਗਰੇਜ਼ ਸਰਕਾਰ ਨੇ ਸਿਖ ਸਰਦਾਰਾਂ ਨੂੰ ਦਮਨ ਜਾਂ ਜਾਗੀਰਾਂ ਦੁਆਰਾ ਸਾਹਸ-ਹੀਣ ਬਣਾ ਦਿਤਾ ਸੀ ਤੇ ਰਾਜਸੀ ਤਾਕਤ ਖੁਸਣ ਉਪਰੰਤ ਸਿਖਾਂ ਦੀ ਹਾਲਤ ਦਿਨੋਂ ਦਿਨ ਨਿਘਰਦੀ ਜਾਂਦੀ ਸੀ, ਉਸ ਔਖੇ ਸਮੇਂ ਬਾਬਾ ਰਾਮ ਸਿੰਘ ਜੀ ਦੀ ਸੁਚੱਜੀ ਤੇ ਸਿਆਣੀ ਅਗਵਾਈ ਨੇ ਦਰਮਿਆਨੀ ਸ਼ਰੇਣੀ ਦੇ ਹੇਠਲੇ ਤਬਕੇ ਵਿਚੋਂ ਇਕ ਕ੍ਰਾਂਤੀਕਾਰੀ ਲਹਿਰ ਚਲਾਈ ਜਿਸ ਨੇ ਸਾਬਤ ਕੀਤਾ ਕਿ ਸਿੱਖ ਦਬਾਈ ਜਾਣ ਵਾਲੀ ਕੌਮ ਨਹੀਂ ਹੈ। ਜੇ ਅੰਗਰੇਜ਼ਾਂ ਨੇ ਇਹ ਸਬਕ ਕੂਕਾ ਲਹਿਰ ਤੋਂ ਨਾ ਸਿਖਿਆ ਹੁੰਦਾ ਤਾਂ ਉਹ ਕਦੇ ਵੀ ਸਿੰਘ ਸਭਾ ਲਹਿਰ ਵਿਚ ਇੰਨੀ ਦਿਲਚਸਪੀ ਨਾ ਵਖਾਉਂਦੇ।

ਕੂਕਾ ਲਹਿਰ ਦੀ ਇਕ ਹੋਰ ਮਹੱਤਾ ਹੈ ਕਿ ਇਸ ਤੋਂ ਸਾਬਤ ਹੁੰਦਾ ਹੈ ਕਿ ਜੋ ਲੋਕ ਸਿਖਾਂ ਤੇ ਦੋਸ਼ ਲਗਾਉਂਦੇ ਹਨ ਕਿ ਉਹਨਾਂ ਨੇ ੧੮੫੭ ਦੇ ਵਿਦਰੋਹ ਵਿਚ ਹਿੰਦੁਸਤਾਨੀ ਬਾਗੀਆਂ ਦੇ ਵਿਰੁਧ ਅੰਗਰੇਜ਼ਾਂ ਦਾ ਸਾਥ ਦਿਤਾ, ਉਹ ਗਲਤ ਹਨ। ੧੮੫੭ ਵਿਚ ਜੋ ਮਦਦ ਸਿਖਾਂ ਵਲੋਂ ਅੰਗਰੇਜ਼ਾਂ ਨੂੰ ਦਿਤੀ ਗਈ ਉਹ ਸਿਖ ਰਾਜਿਆਂ ਤੇ ਵੱਡੇ ਵੱਡੇ ਜਾਗੀਰ-ਦਾਰਾਂ ਜਾਂ ਰਈਸਾਂ ਵਲੋਂ ਸੀ। ਆਮ ਲੋਕ ਉਸ ਵੇਲੇ ਵੀ ਅੰਗਰੇਜ਼ਾਂ ਦੇ ਵਿਰੁਧ ਸਨ ਤੇ ਕਈ ਥਾਵਾਂ ਤੇ ਉਹਨਾਂ ਨੇ ਰੌਲਾ ਮਚਾਇਆ।

ਉਹ ਅਜੇ ਢੁਕਵੇਂ ਸਮੇਂ ਦੀ ਇੰਤਜ਼ਾਰ ਹੀ ਕਰ ਰਹੇ ਸਨ ਕਿ ਦਿੱਲੀ ਮੁੜ ਅੰਗਰੇਜ਼ਾਂ ਦੇ ਕਬਜ਼ੇ ਵਿਚ ਆ ਗਿਆ। ਦਿਲੀ ਦੀ ਇਸ ਫਤਹ ਨੇ ਉਹਨਾਂ ਦੇ ਹੌਸਲੇ ਢਾਹ ਦਿਤੇ ਤੇ ਉਹਨਾ ਦੇ ਦਿਲਾਂ ਦੀਆਂ ਦਿਲਾਂ ਵਿਚ ਹੀ ਰਹਿ ਗਈਆਂ। ਉਸੇ ਸਾਲ ਹੀ ਕੂਕਾ ਲਹਿਰ ਨੇ ਜਨਮ ਲਿਆ ਅਤੇ ਥੋੜੇ ਚਿਰ ਵਿਚ ਹੀ ਇਹ ਆਮ ਜਨਤਾ ਵਿਚ ਫੈਲ ਗਈ। ਇਹ ਸਫਲਤਾ ਕਦੀ ਵੀ ਸੰਭਵ ਨਹੀਂ ਸੀ ਹੋ ਸਕਦੀ ਜੇ ਆਮ ਸਿੱਖ ਜਨਤਾ ਵਿਚ ਸਰਕਾਰ ਦੀ ਵਿਰੋਧਤਾ ਦੀ ਭਾਵਨਾ ਨਾ ਹੁੰਦੀ। ਉਸ ਭਾਵਨਾ ਨੂੰ ਪ੍ਰਗਟਾਉਣ ਦਾ ਸਿਹਰਾ ਬਾਬਾ ਰਾਮ ਸਿੰਘ ਜੀ ਦੇ ਸਿਰ ਹੈ। ਇਸ ਲਈ ਉਹਨਾਂ ਦੀ ਦੇਣ ਸਦਾ ਸ਼ੁਕਰੀਏ ਸਹਿਤ ਯਾਦ ਰਖੀ ਜਾਏਗੀ।

★



Sri Satguru Jagjit Singh Ji Elibrary NamdhariElibrary@gmail.com

**HIGH CLASS GUN MANUFACTURERS**

**AND**

**REPAIRERS**

# FREE INDIA GUN MANUFACTURERS

**(Industrial Estate, Extention Area, Jammu Cantt.)**

Phone No. 43260



**(SINGLE BARREL OR DOUBLE BARREL) 12 Bore Guns**

## Once Purchased Ever Purchased

**AS**

**BEST QUALITY OF THE DAY**

**IS**

**OUR MOTTO**

**IN NEED CONTACT US FOR BARGAIN**

**WITH FULL CONFIDENCE**



Sri Satguru Jagjit Singh Ji Elibrary NamdhariElibrary@gmail.com

ਕਹਾਣੀ

# ਟੀਪੂ ਸੁਲਤਾਨ ਕਿਥੇ ਹੈ ?

—ਜਵੰਸਤ ਸਿੰਘ ਵਿਰਦੀ

ਗੱਲ ਉਨ੍ਹਾਂ ਵੇਲਿਆਂ ਦੀ ਹੈ ਜਦੋਂ ਕਿ ਦੇਸ਼ ਵਿਚ ਅਜੀਬ ਕਿਸਮ ਦੀ ਹਲਚਲ ਦੇ ਦਿਨ ਸਨ। ਕੁਝ ਲੋਕ ਕਹਿੰਦੇ ਸਨ ਕਿ ਦੇਸ਼ ਵਿਚ ਫਸਾਦ ਹੋ ਰਹੇ ਨੇ। ਲੋਕ ਇਕ-ਦੂਸਰੇ ਨੂੰ ਮਾਰ-ਵਢ ਰਹੇ ਨੇ ਅਤੇ ਜ਼ਨਾਨੀਆਂ ਤੇ ਬੱਚੇ ਹੁਣ ਸੁੱਰਖਿਅਤ ਨਹੀਂ ਰਹੇ।

ਭਾਵੇਂ ਕਿ ਇਹ ਬਹਾਰ ਦੇ ਬਸੰਤੀ ਦਿਨ ਹੀ ਸਨ ਅਤੇ ਹਰ ਪਾਸੇ ਖਿੜੇ ਹੋਏ ਫੁੱਲ ਵੀ ਮਨ ਨੂੰ ਧੂਹ ਪਾਉਂਦੇ ਸਨ, ਪਰ ਫੇਰ ਵੀ ਮਨ ਪਰੇਸ਼ਾਨ ਰਹਿਣ ਲਗ ਪਿਆ ਸੀ। ਮੈਂ ਕਾਲਿਜ ਵਲ ਜਾ ਰਿਹਾ ਵੀ ਇਸ ਤਰ੍ਹਾਂ ਮਹਿਸੂਸ ਕਰਦਾ ਜਿਵੇਂ ਕਿ ਕਿਸੇ ਜੇਲ੍ਹਖਾਨੇ ਵਲ ਜਾ ਰਿਹਾ ਹੋਵਾਂ। ਗੱਲ ਕੀ, ਹਰ ਥਾਂ ਲੋਕ ਨੁਕੱਰਾਂ ਵਿਚ ਖਲੋਤੇ ਹੋਏ ਹੋਏ ਮੂੰਹ ਨਾਲ ਮੂੰਹ ਲਾਕੇ ਕੁਝ ਇਸ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਸਨ ਜਿਨ੍ਹਾਂ ਦਾ ਵਿਸ਼ੈਲਾ ਪ੍ਰਭਾਵ ਤੁਰਤ ਹਵਾ ਵਿਚ ਫੈਲ ਜਾਂਦਾ ਸੀ।

ਇਸ ਤਰ੍ਹਾਂ ਦੇ ਬਸੰਤੀ ਦਿਨਾਂ ਵਿਚ ਹੀ ਇਕ ਸ਼ਾਮ ਵੇਲੇ ਠੰਡੀ ਸੜਕ 'ਤੇ ਮੇਰੇ ਬਰਾਬਰ ਇਕ ਜੀਪ ਖਲੋਤੀ, ਅਤੇ ਕੁਝ ਬੰਦਿਆ ਨੇ ਮੈਨੂੰ ਜ਼ਬਰਦਸਤੀ ਨਾਲ ਫੜਕੇ ਜੀਪ ਵਿਚ ਬਿਠਾ ਲਿਆ। ਮੈਂ ਉਨ੍ਹਾਂ ਦੇ ਚਿਹਰੇ ਨਾ ਵੇਖ ਸਕਿਆ ਕਿਉਂਕਿ ਉਨ੍ਹਾਂ ਵਿਚੋਂ ਕਿਸੇ ਨੇ ਤੁਰਤ ਮੇਰੀਆਂ ਅੱਖਾਂ ਤੇ ਇਕ ਕਾਲੀ ਪੱਟੀ ਬੰਨ੍ਹ ਦਿੱਤੀ ਸੀ। ਪਲ ਭਰ ਲਈ ਤਾਂ ਮੈਨੂੰ ਸਮਝ ਨਾ ਆਈ ਕਿ ਉਹ ਹਕੀਕਤ ਸੀ ਕਿ ਕਿਸੇ ਜਾਸੂਸੀ ਨਾਵਲ ਦੀ ਕੋਈ ਘਟਨਾ। ਪਰ ਉਹ ਹਕੀਕਤ ਹੀ ਨਿਕਲੀ।

ਮੈਨੂੰ ਜਿਸ ਤਹਿਖਾਨੇ ਵਿਚ ਲਿਜਾਇਆ ਗਿਆ, ਉਥੇ ਪਹਿਲਾਂ ਵੀ ਕੁਝ ਲੋਕਾਂ ਨੂੰ ਬਿਠਾਇਆ ਹੋਇਆ ਸੀ, ਪਰ ਲੋਕ ਮੇਰੇ ਕੋਲੋਂ ਕਾਫੀ ਵਿੱਥ ਤੇ ਸਨ। ਇਸ ਲਈ ਮੈਥੋਂ ਪਛਾਣੇ ਨਾ ਗਏ।

ਸਾਰਜੈਂਟ ਨੇ ਪੈਂਦਿਆਂ ਹੀ ਮੈਨੂੰ ਪੁਛਿਆ (ਜਿਵੇਂ ਕੋਈ ਕਿਸੇ ਦੇ ਕੋਰੜਾ ਮਾਰ ਕੇ ਪੁਛਦਾ ਹੈ)—

'ਦਸ, ਟੀਪੂ ਸੁਲਤਾਨ ਕਿਥੇ ਹੈ ?'

ਸਵਾਲ ਸੁਣ ਕੇ ਮੈਂ ਘਬਰਾ ਗਿਆ—'ਕਿਹੜਾ ਟੀਪੂ ਸੁਲਤਾਨ।'

'ਤੂੰ ਟੀਪੂ ਸੁਲਤਾਨ ਨੂੰ ਨਹੀਂ ਜਾਣਦਾ ?'

'ਨਹੀਂ।'

'ਤੂੰ ਜਾਣਦਾ ਏਂ।'

'ਬਿਲਕੁਲ ਨਹੀਂ।' ਮੈਂ ਪੂਰੀ ਦ੍ਰਿੜ੍ਹਤਾ ਨਾਲ ਕਿਹਾ ਤਾਂ ਉਹ ਲੋਕ ਆਪਸ ਵਿਚ ਘੁਸਰ-ਮੁਸਰ ਕਰਨ ਲਗ ਪਏ। ਫੇਰ ਕਿਸੇ ਹੋਰ ਨੇ ਰੋਹ ਨਾਲ ਕਿਹਾ—'ਕਲ੍ਹ ਤੂੰ ਕਲਾਸ ਵਿਚ ਮੁੰਡਿਆਂ ਨੂੰ ਟੀਪੂ ਸੁਲਤਾਨ ਬਾਰੇ ਦਸ ਰਿਹਾ ਸੈਂ।'

'ਜੀ...ਈ...'

'ਹਾਂ, ਅਤੇ ਤੂੰ ਇਹ ਵੀ ਕਿਹਾ ਸੀ ਕਿ ਟੀਪੂ ਸੁਲਤਾਨ ਨਾਲ ਤੂੰ ਕਈ ਵਾਰ ਗੱਲਾਂ ਕੀਤੀਆਂ ਨੇ...ਅਤੇ ਇਹ ਵੀ...ਕਿ...?'

'ਜੀ...ਈ...?'

'ਹਾਂ, ਤੂੰ ਇਹ ਵੀ ਕਿਹਾ ਸੀ ਕਿ ਟੀਪੂ ਸੁਲਤਾਨ ਨੂੰ ਤੂੰ ਪੂਰੀ ਤਰ੍ਹਾਂ ਜਾਣਦਾ ਏਂ।'

ਜਵਾਬ ਦੇਣ ਦੀ ਬਜਾਏ ਮੈਂ ਅੱਖਾਂ ਮੀਟ ਕੇ ਉਸ ਦ੍ਰਿਸ਼ ਨੂੰ ਸਾਕਾਰ ਕਰਨ ਦਾ ਜਤਨ ਕੀਤਾ ਜਦੋਂ ਕਿ ਮੈਂ ਕਲਾਸ ਵਿਚ ਭਾਰਤੀ ਇਤਿਹਾਸ ਦੇ ਇਕ ਮਹਾਨ ਨਾਇਕ ਟੀਪੂ ਸੁਲਤਾਨ ਬਾਰੇ ਲੈਕਚਰ ਦਿਤਾ ਸੀ। ਟੀਪੂ ਸੁਲਤਾਨ ਜਦੋਂ ਤਕ ਜੀਉਂਦਾ ਰਿਹਾ, ਉਹਨੇ ਭਾਰਤ ਵਿਚ ਅੰਗ੍ਰੇਜ਼ੀ ਬੂਟਾ ਗਰਦੀ ਦੇ ਪੈਰ ਨਹੀਂ ਟਿਕਣ ਦਿਤੇ।



Sri Satguru Jagjit Singh Ji Elibrary NamdhariElibrary@gmail.com

ਟੀਪੂ ਸੁਲਤਾਨ ਇਸ ਦੇਸ਼ ਦਾ ਉਹ ਮਹਾਨ ਸਪੂਤ ਸੀ ਜਿਸ ਨੇ ਜ਼ਿੰਦਗੀ ਭਰ ਵਿਦੇਸ਼ੀ ਧਾੜਵੀਆਂ ਨਾਲ ਟੱਕਰ ਲਈ ਅਤੇ ਇਸ ਦੇਸ਼ ਦੀ ਮਿੱਟੀ ਨਾਲ ਵਧ ਤੋਂ ਵਧ ਪਿਆਰ ਕੀਤਾ।

'ਤੂੰ ਬੋਲਦਾ ਨਹੀਂ।' ਕਿਸੇ ਨੇ ਮੈਨੂੰ ਮੋਢੇ ਤੋਂ ਫੜ ਕੇ ਇਸ ਤਰ੍ਹਾਂ ਝੰਜੋੜਿਆ ਜਿਵੇਂ ਕਿ ਉਹ ਮੇਰਾ ਮੋਢਾ ਹੀ ਲਾਹ ਲਵੇਗਾ।

'ਮੈਂ ਇਤਿਹਾਸ ਦਾ ਪ੍ਰੋਫੈਸਰ ਹਾਂ,' ਮੈਂ ਏਨਾ ਹੀ ਕਿਹਾ।

'ਉਹ ਤਾਂ ਸਾਨੂੰ ਵੀ ਪਤਾ ਹੈ।'

'ਫੇਰ ਤੁਹਾਨੂੰ ਟੀਪੂ ਸੁਲਤਾਨ ਬਾਰੇ ਨਹੀਂ ਪਤਾ ?' ਮੈਂ ਵੀ ਰੋਹ ਨਾਲ ਬੋਲਿਆ, ਤਾਂ ਉਨ੍ਹਾਂ ਵਿਚੋਂ ਇਕ ਨੇ ਕਿਹਾ—'ਪਤਾ ਹੁੰਦਾ ਤਾਂ ਤੇਰੀਆਂ ਮੁਸ਼ਕਾਂ ਕੱਸ ਕੇ ਇਥੇ ਕਿਉਂ ਲਿਆਉਂਦੇ ?'

ਤਹਿਖਾਨੇ ਵਿਚ ਹਨੇਰਾ ਸੀ, ਪਰ ਮੈਂ ਮਹਿਸੂਸ ਕੀਤਾ ਜਿਵੇਂ ਕਿ ਮੇਰੀ ਗੱਲ ਸੁਣ ਕੇ ਉਨ੍ਹਾਂ ਦੇ ਚਿਹਰਿਆਂ ਤੇ ਨਮੋਸ਼ੀ ਦੀ ਕਾਲਖ ਪੁਚ ਗਈ ਹੋਵੇ। ਪਰ ਨਹੀਂ। ਇਹ ਲੋਕ ਗਮੀਆਂ ਖੁਸ਼ੀਆਂ ਤੋਂ ਕਾਫੀ ਦੂਰ ਰਹਿੰਦੇ ਨੇ।

ਮੈਨੂੰ ਚੁਪ ਵੇਖ ਕੇ ਇਕ ਸਾਰਜੈਂਟ ਨੇ ਪਰੇਸ਼ਾਨੀ ਨਾਲ ਕਿਹਾ—'ਇਹ ਬੜੇ ਦੁੱਖ ਦੀ ਗੱਲ ਹੈ ਕਿ ਸਾਨੂੰ ਟੀਪੂ ਸੁਲਤਾਨ ਬਾਰੇ ਕੋਈ ਨਹੀਂ ਦਸਣਾ ਚਾਹੁੰਦਾ।'

ਫੇਰ ਪਲ ਭਰ ਲਈ ਰੁਕ ਕੇ ਇਕ ਹੋਰ ਨੇ ਕਿਹਾ—'ਕੀ ਤੁਸੀਂ ਲੋਕ ਉਸ ਕੋਲੋਂ ਏਨਾ ਹੀ ਡਰ ਰਹੇ ਹੋ ?'

ਮੈਂ ਹਾਲੇ ਕੋਈ ਜਵਾਬ ਨਹੀਂ ਸੀ ਦਿਤਾ ਜਦੋਂ ਕਿ ਕੁਝ ਸਿਪਾਹੀ ਦੋ ਹੋਰ ਅਧਿਆਪਕਾਂ ਨੂੰ ਘੜੀਸੀ ਅੰਦਰ ਵਲ ਲਿਆ ਰਹੇ ਸਨ। ਇਕ ਸਿਪਾਹੀ ਨੇ ਕਿਹਾ—'ਜਨਾਬ, ਐਸ ਮਾਸਟਰ ਨੇ ਵੀ ਟੀਪੂ ਸੁਲਤਾਨ ਬਾਰੇ ਕਾਫੀ ਕੁਝ...'

'ਹਾਲੇ ਇਨ੍ਹਾਂ ਸੂਰਾਂ ਨੂੰ ਪਰ੍ਹੇ ਰਖੋ।' ਵੱਡੇ ਸਾਰਜੈਂਟ ਨੇ ਕਿਹਾ, ਤੇ ਸਿਪਾਹੀ ਉਨ੍ਹਾਂ ਮਾਸੂਮ ਮਾਸਟਰਾਂ ਨੂੰ ਤਹਿਖਾਨੇ ਦੀ ਇਕ ਨੁੱਕਰੇ ਲੈ ਗਏ।

ਮੈਨੂੰ ਚੁੱਪ ਵੇਖ ਕੇ ਇਕ ਸਾਰਜੈਂਟ ਨੇ ਕਿਹਾ—'ਤੁਸੀਂ ਕਾਲਿਜ ਵਿਚ ਪੜ੍ਹਾਂਦੇ ਹੋ ਅਤੇ ਤੁਹਾਡੀ ਕਾਫੀ ਇੱਜ਼ਤ ਵੀ ਹੈ।'

ਮੈਂ ਹਾਂ ਵਿਚ ਸਿਰ ਹਿਲਾਇਆ।

ਇਕ ਹੋਰ ਬੋਲਿਆ—'ਤੁਹਾਡਾ ਨਾਲਜ ਵੀ ਕਾਫੀ ਹੈ।

ਮੈਂ ਚੁਪ ਰਿਹਾ।

'ਤੁਸੀਂ ਬਹੁਤ ਕੁਝ ਜਾਣਦੇ ਹੋ।'

'ਫੇਰ ਤੁਸੀਂ ਸਾਨੂੰ ਟੀਪੂ ਸੁਲਤਾਨ ਦਾ ਖੁਰਾ-ਖੋਜ ਨਹੀਂ ਦਸ ਸਕਦੇ ?' ਜਦੋਂ ਇਕ ਹੋਰ ਸਾਰਜੈਂਟ ਨੇ ਇਹ ਸਵਾਲ ਕੀਤਾ ਤਾਂ ਉਨ੍ਹਾਂ ਦਾ ਕੋਈ ਵੱਡਾ ਅਫਸਰ ਬੋਲਿਆ—

'ਠਹਿਰੋ। ਪਹਿਲਾਂ ਇਨ੍ਹਾਂ ਕੋਲੋਂ ਅਜ-ਕਲ੍ਹ ਦੇ ਹਾਲਾਤ ਬਾਰੇ ਪੁਛੋ।'

ਇਸ ਗੱਲ ਤੇ ਫੇਰ ਦੋ-ਤਿੰਨ ਸਾਰਜੈਂਟਾਂ ਨੇ ਆਪਸ 'ਚ ਸਿਰ ਜੋੜੇ ਅਤੇ ਫੇਰ ਇਕ ਨੇ ਬੜੇ ਭੇਤ ਭਰੇ ਅੰਦਾਜ਼ 'ਚ ਪੁਛਿਆ—'ਪਹਿਲਾਂ ਇਹ ਦਸੋ ਕਿ ਅਜ ਕਲ ਦੇਸ਼ ਵਿਚ ਫਸਾਦ ਕੌਣ ਕਰਵਾ ਰਿਹਾ ਹੈ ?'

ਮੈਂ ਕੁਝ ਬੋਲਣ ਲਗਾ ਤਾਂ ਵੱਡੇ ਸਾਰਜੈਂਟ ਨੇ ਹਲੀਮੀ ਨਾਲ ਕਿਹਾ—'ਸਭ ਕੁਝ ਠੀਕ-ਠੀਕ ਦਸ ਦਿਉਗੇ ਤਾਂ ਛਡ ਦਿਤੇ ਜਾਵੋਗੇ।'

ਮੈਂ ਕਿਹਾ—'ਤਾਂ, ਫੇਰ ਪੁਛੋ।'

ਉਨ੍ਹਾਂ ਨੇ ਫੇਰ ਸਿਰ ਜੋੜੇ ਅਤੇ ਉਹੋ ਹੀ ਸਵਾਲ ਫੇਰ ਦੁਹਰਾਇਆ—'ਅਜ ਕਲ੍ਹ ਦੇਸ਼ ਵਿਚ ਫਸਾਦ ਕੌਣ ਕਰਵਾ ਰਿਹਾ ਹੈ ?'

'ਦਸ ਦਿਆਂ ?'

'ਹਾਂ, ਤੁਰਤ ਦਸੋ।'

ਉਸ ਵੇਲੇ ਮੈਂ ਆਲੇ-ਦੁਆਲੇ ਵਲ ਤੱਕਿਆ। ਮੇਰੇ ਕੋਲੋਂ ਕਾਫੀ ਵਿਥ ਤੇ ਬੈਠੇ ਹੋਏ ਲੋਕ ਬੜੀ ਉਤਸੁਕਤਾ ਨਾਲ ਮੈਨੂੰ ਤੱਕ ਰਹੇ ਸਨ। ਮੈਨੂੰ ਤੁਰਤ ਖਿਆਲ



Sri Satguru Jagjit Singh Ji Elibrary NamdhariElibrary@gmail.com

ਆਇਆ ਕਿ ਮੈਂ ਉਨ੍ਹਾਂ ਵਿਚੋਂ ਜਿਸ ਕਿਸੇ ਦਾ ਵੀ ਨਾਂ ਲਵਾਂਗਾ, ਉਹੋ ਹੀ ਫਾਂਸੀ ਚੜ੍ਹ ਜਾਵੇਗਾ। ਜੇਕਰ ਮੈਂ ਸਮੁਚੇ ਦੇਸ਼ ਦਾ ਨਾਂ ਲੈ ਦਿਆਂ, ਤਾਂ ਇਹ ਲੋਕ ਜ਼ਰੂਰ ਹੀ ਇਸ ਦੇਸ਼ ਨੂੰ ਫਾਹੇ ਲਾ ਦੇਣਗੇ। ਸ਼ਾਇਦ ਇਸੇ ਕਰਕੇ ਹੀ ਉਨ੍ਹਾਂ ਮਾਸੂਮ ਲੋਕਾਂ ਦੀਆਂ ਨਜ਼ਰਾਂ ਵਿਚ ਡਰ ਅਤੇ ਸਹਿਮ ਭਰਦਾ ਜਾ ਰਿਹਾ ਸੀ। ਉਨ੍ਹਾਂ ਦੀ ਇਸ ਭਾਵਨਾ ਨੂੰ ਵੇਖਕੇ ਮੈਨੂੰ ਹਾਸਾ ਆਉਂਣ ਹੀ ਲਗਾ ਸੀ, ਜਦੋਂ ਕਿ ਇਕ ਸਾਰਜੇਂਟ ਨੇ ਫੇਰ ਬੜੀ ਬੁਰੀ ਤਰ੍ਹਾਂ ਮੇਰਾ ਮੋਢਾ ਝੰਜੋੜਿਆ --'ਚੇਤੇ ਰਖੋ, ਤੁਹਾਨੂੰ ਸਚ ਬੋਲਣਾ ਪਵੇਗਾ।'

'ਮੈਂ ਸਚ ਹੀ ਕਹਾਂਗਾ।' ਮੈਂ ਕਿਹਾ—'ਮੈਂ ਸਚ ਹੀ ਬੋਲਦਾ ਹਾਂ।'

'ਫੇਰ ਦਸੋ। ਅਜ ਕਲ ਦੇਸ਼ ਵਿਚ ਫਸਾਦ ਕੌਣ ਕਰਵਾ ਰਿਹਾ ਹੈ?'

ਮੈਂ ਬੜੇ ਭੇਤ ਭਰੇ ਅੰਦਾਜ਼ ਵਿਚ ਕਿਹਾ—'ਇਹ ਬੜੀ ਗੁਪਤ ਗੱਲ ਹੈ।'

'ਤਾਂ ਕੀ ਤੁਹਾਨੂੰ ਇਹਦੇ ਬਾਰੇ ਪਤਾ ਹੈ?'

'ਹਾਂ।'

'ਫੇਰ, ਛੇਤੀ ਦਸੋ।'

'ਕਿਉਂ?'

'ਤਾਂ ਕਿ ਅਸੀਂ ਦੇਸ਼ ਵਿਚੋਂ ਫਸਾਦ ਰੋਕ ਕੇ ਅਮਨ-ਅਮਾਨ ਪੈਦਾ ਕਰ ਸਕੀਏ।'

'ਤਾਂ ਕੀ ਹੁਣ ਦੇਸ਼ 'ਚ ਅਮਨ-ਅਮਾਨ ਨਹੀਂ ਹੈ?

'ਨਹੀਂ।'

'ਕਿਉਂ?'

'ਢੋਕਾ ਕਿਤੋਂ ਦਾ' ਇਕ ਸਾਰਜੇਂਟ ਨੇ ਮੇਰੇ ਮੋਢੇ ਤੇ ਰਾਈਫਲ ਦਾ ਬਟ ਮਾਰਕੇ ਇਕ ਗੰਦੀ ਗਾਲ੍ਹ ਵੀ ਕੱਢੀ।

ਵੱਡੇ ਸਾਰਜੇਂਟ ਨੇ ਫੇਰ ਕਿਹਾ—'ਦਸ ਫਸਾਦ ਕੌਣ ਕਰਵਾ ਰਿਹਾ ਹੈ?'

'ਪਰ ਇਹ ਤਾਂ ਬੜੀ ਗੁਪਤ ਗੱਲ ਹੈ।'

'ਤਦ ਵੀ ਦਸ ਦੇ।'

'ਲੋਕ ਮੈਨੂੰ ਕੱਚਾ ਹੀ ਖਾ ਜਾਣਗੇ।'

'ਨਹੀਂ', ਅਸੀਂ ਤੈਨੂੰ ਬਚਾ ਲਵਾਂਗੇ।'

'ਕਿਵੇਂ?'

'ਤੈਨੂੰ ਅਮਨ-ਅਮਾਨ ਹੋਣ ਤਕ ਜੇਲ੍ਹ ਅੰਦਰ ਹੀ ਰਖਾਂਗੇ।'

'ਜੇਕਰ ਇਥੇ ਕਦੀ ਅਮਨ-ਅਮਾਨ ਹੋਇਆ ਹੀ ਨਾ?'

'ਫੇਰ, ਜ਼ਿੰਦਗੀ ਭਰ ਤੂੰ ਵੀ ਜੇਲ੍ਹ ਵਿਚ ਹੀ...

ਮੈਂ ਹਸ ਕੇ ਕਿਹਾ—'ਜੇਲ੍ਹ ਅੰਦਰ ਵੀ ਲੋਕ ਮੈਨੂੰ ਨਹੀਂ ਜੀਉਣ ਦੇਣਗੇ।

ਵੱਡਾ ਸਾਰਜੇਂਟ ਗੁਰਾਇਆ—'ਬਕਵਾਸ ਬੰਦ ਕਰਦਾ ਏਂ ਕਿ ਨਹੀਂ?'

ਮੈਂ ਚੁਪ ਕਰ ਗਿਆ।

ਇਕ ਸਾਰਜੇਂਟ ਨੇ ਫੇਰ ਮੇਰੇ ਮੋਢੇ ਤੇ ਰਾਈਫਲ ਦਾ ਬਟ ਮਾਰਿਆ—'ਬਕਦਾ ਏਂ ਕਿ ਨਹੀਂ?'

'ਬਕਦਾ ਹਾਂ'

'ਤਦ ਫੇਰ ਦਸ, ਫਸਾਦ ਕੌਣ ਕਰਵਾ ਰਿਹਾ ਹੈ?'

'ਫਸਾਦੀ ਲੋਕ।' ਮੈਂ ਜ਼ੋਰ ਨਾਲ ਲਲਕਾਰ ਕੇ ਕਿਹਾ।

'ਉਹ ਕਿੱਥੇ ਨੇ? ਵੱਡੇ ਸਾਰਜੇਂਟ ਨੇ ਮੇਰੇ ਵਾਂਗ ਹੀ ਗਰਜ੍ਹ ਕੇ ਕਿਹਾ। ਹੁਣ ਮੈਂ ਮਲਕੜੇ ਜਿਹੇ ਜਵਾਬ ਦਿਤਾ—'ਮੈਨੂੰ ਨਹੀਂ ਪਤਾ।'

'ਤੈਨੂੰ ਪਤਾ ਹੈ।'

'ਨਹੀਂ।'

ਪਲ ਭਰ ਦੀ ਖਾਮੋਸ਼ੀ ਮਗਰੋਂ ਇਕ ਸਾਰਜੇਂਟ ਫੇਰ ਬੋਲਿਆ—'ਤਾਂ ਫੇਰ ਇਹੋ ਹੀ ਦਸਦੇ ਕਿ ਟੀਪੂ ਸੁਲਤਾਨ ਕਿਥੇ ਹੈ?'

ਮੈਂ ਬੜੇ ਭੇਤ ਭਰੇ ਅੰਦਾਜ਼ 'ਚ ਪੁਛਿਆ—'ਤੁਸਾਂ ਉਹਦੇ ਕੋਲੋਂ ਕੀ ਲੈਣਾ ਹੈ?'



Sri Satguru Jagjit Singh Ji Elibrary NamdhariElibrary@gmail.com

'ਤੈਨੂੰ ਇਹਦੇ ਨਾਲ ਕੀ ?'

'ਪਹਿਲਾਂ ਦਸੋ ।'

'ਫੇਰ ਦਸ ਦਏਂਗਾ ਉਹਦੇ ਬਾਰੇ !'

'ਹਾਂ, ਜ਼ਰੂਰ ਦਸ ਦਿਆਂਗਾ ।'

ਇਕ ਸਾਰਜੇਂਟ ਬੋਲਿਆ—'ਸਰਕਾਰ ਕੋਲ ਰਿਪੋਰਟ ਪੁਜੀ ਹੈ ਕਿ...'

'ਠਹਿਰੋ ।' ਵੱਡੇ ਸਾਰਜੇਂਟ ਨੇ ਲਲਕਾਰ ਕੇ ਕਿਹਾ—'ਇਹ ਇਕ ਸਰਕਾਰੀ ਭੇਤ ਹੈ ਜਿਹੜਾ ਕਿ ਇਸ ਕਮੀਨੇ ਬੰਦੇ ਨੂੰ ਨਹੀਂ ਦਸਿਆ ਜਾ ਸਕਦਾ ।'

'ਹਾਂ, ਇਹ ਭੇਤ ਤੈਨੂੰ ਨਹੀਂ ਦਸਿਆ ਜਾ ਸਕਦਾ' । ਛੋਟੇ ਸਾਰਜੰਟ ਨੇ ਮੇਰੇ ਵਲ ਮੂੰਹ ਕਰਕੇ ਰੋਹਬ ਨਾਲ ਕਿਹਾ—'ਤੂੰ ਇਕ ਕਮੀਨਾ ਆਦਮੀ ਏਂ ।'

'ਕਿਵੇਂ ਪਤੈ ?'

'ਸੀ. ਆਈ. ਡੀ. ਦੀ ਫਾਈਲ ਇਹੋ ਹੀ ਦਸਦੀ ਹੈ ।'

'ਨਿਰੀ ਬਕਵਾਸ ।' ਮੈਂ ਜ਼ੋਰ ਨਾਲ ਕਿਹਾ, ਤਾਂ ਵੱਡਾ ਸਾਰਜੇਂਟ ਕੁਝ ਸੋਚ ਕੇ ਬੋਲਿਆ—'ਚਲੋ ਕੋਈ ਗੱਲ ਨਹੀਂ । ਇਹਨੂੰ ਸਹੁੰ ਖੁਆਕੇ ਦਸ ਦਿਉ ।'

ਇਕ ਹੋਰ ਸਾਰਜੇਂਟ ਮੇਰੇ ਨੇੜੇ ਹੋਕੇ ਬੋਲਿਆ—'ਖਾਹ ਸਹੁੰ ਕਿ ਤੂੰ ਇਹ ਭੇਤ ਕਿਸੇ ਨੂੰ ਨਹੀਂ ਦਸੇਂਗਾ ।'

'ਸਹੁੰ ਖਾਂਦਾ ਹਾਂ ।' ਮੈਂ ਕਿਹਾ, ਤਾਂ ਇਕ ਸਾਰਜੇਂਟ ਬੋਲਿਆ—'ਦੇਸ਼ ਵਿਚ ਹੋ ਰਹੇ ਫਸਾਦਾਂ ਦੇ ਕਾਰਣਾਂ ਦੀ ਖੋਜ ਕਰਨ ਵਾਲੇ ਸਾਡੇ ਇਕ ਖੁਫੀਆ ਮਹਿਕਮੇ ਨੇ ਅੰਗ੍ਰੇਜ਼ੀ ਸਰਕਾਰ ਵੇਲੇ ਦੀਆਂ ਖੁਫੀਆਂ ਫਾਈਲਾਂ ਫੋਲੀਆਂ ਹਨ, ਜਿਨ੍ਹਾਂ ਵਿਚ ਲਿਖਿਆ ਹੋਇਆ ਹੈ—

'ਟੀਪੂ ਸੁਲਤਾਨ ਹੀ ਫਸਾਦ ਦੀ ਜੜ੍ਹ ਹੈ...ਇਹਨੂੰ ਖਤਮ ਕੀਤੇ ਬਗੈਰ ਅਸੀਂ ਹਿੰਦੁਸਤਾਨ ਵਿਚ ਅਮਨ-ਅਮਾਨ ਨਾਲ ਨਹੀਂ ਰਹਿ ਸਕਦੇ ।'

ਕੁਝ ਚਿਰ ਇਕ ਤਲਖੀ ਭਰੀ ਖਾਮੋਸ਼ੀ ਰਹੀ ਤੇ ਫੇਰ ਮੈਂ ਜ਼ੋਰ ਨਾਲ ਕਿਹਾ—'ਤੁਹਾਡੇ ਖੁਫੀਆ ਮਹਿਕਮੇ ਦੀ ਇਹ ਰਿਪੋਰਟ ਪੂਰੀ ਤਰ੍ਹਾਂ ਠੀਕ ਹੈ ।'

ਵੱਡਾ ਸਾਰਜੇਂਟ ਆਪਣੀ ਆਰਾਮ ਕੁਰਸੀ ਤੋਂ ਉਛਲ ਪਿਆ—'ਦੇਖਿਆ, ਮੇਰੀ ਥੀਊਰੀ ਠੀਕ ਨਿਕਲੀ ਨਾ ਦੇਸ਼ ਦੇ ਫਸਾਦਾਂ ਬਾਰੇ...ਫੇਰ ਉਹਨੇ ਲਲਕਾਰ ਕੇ ਮੈਨੂੰ ਕਿਹਾ—'ਤੂੰ ਕਲ੍ਹ ਕਲਾਸ ਵਿਚ ਕਹਿ ਰਿਹਾ ਸੈਂ ਕਿ ਤੂੰ ਟੀਪੂ ਸੁਲਤਾਨ ਬਾਰੇ ਬਹੁਤ ਕੁਝ ਜਾਣਦਾ ਏਂ ।'

'ਹਾਂ, ਮੈਂ ਕਿਹਾ ਸੀ ।'

'ਫੇਰ, ਦਸ ਟੀਪੂ ਸੁਲਤਾਨ ਕਿਥੇ ਹੈ ।'

'ਤੁਸੀਂ ਉਹਨੂੰ ਕਿਤੇ ਨਹੀਂ ਲਭ ਸਕਦੇ ।'

'ਕਿਉਂ' ?

'ਅਜ ਹਰ ਹਿੰਦੁਸਤਾਨੀ ਦੇ ਦਿਲ ਵਿਚ ਵਸਦਾ ਹੈ...ਅਤੇ ਹਰ ਹਿੰਦੁਸਤਾਨੀ ਅਜ ਟੀਪੂ ਸੁਲਤਾਨ ਹੈ...।'

ਹਾਲੇ ਮੇਰੀ ਗੱਲ ਪੂਰੀ ਨਹੀਂ ਸੀ ਹੋਈ ਜਦੋਂ ਕਿ ਕੁਝ ਹੋਰ ਸਿਪਾਹੀ ਇਕ ਬੰਦੇ ਨੂੰ ਘਸੀਟਦੇ ਹੋਏ ਤਹਿਖਾਨੇ ਵਿਚ ਵਾਹੋਦਾਹੀ ਵਧੇ ਆ ਰਹੇ ਸਨ । ਉਹ ਜ਼ੋਰ-ਜ਼ੋਰ ਨਾਲ ਚੀਖ ਵੀ ਰਹੇ ਸਨ—'ਹਜ਼ੂਰ ! ਫੜਿਆ ਗਿਆ...ਇਹੋ ਹੀ ਬੰਦਾ ਆਪਣੇ ਆਪ ਨੂੰ ਟੀਪੂ ਸੁਲਤਾਨ ਕਹਿੰਦਾ ਹੈ...ਅਸੀਂ ਇਹਦੇ ਮੌਰ ਸੇਕੇ ਤਾਂ ਫੋਰਨ ਮੰਨ ਗਿਆ ।'

ਮੈਂ ਜ਼ੋਰ ਨਾਲ ਕਹਿਣਾ ਚਾਹੁੰਦਾ ਸਾਂ—'ਟੀਪੂ ਸੁਲਤਾਨ ਬਾਰੇ ਮੈਂ ਤੁਹਾਨੂੰ ਕਾਫੀ ਕੁਝ ਦਸ ਸਕਦਾ ਹਾਂ... ਉਹਦੀ ਦੇਸ਼-ਭਗਤ ਆਤਮਾ ਬਾਰੇ ਵੀ...'

ਪਰ ਮੇਰੇ ਬੋਲਣ ਤੋਂ ਪਹਿਲਾਂ ਹੀ ਵੱਡੇ ਸਾਰਜੇਂਟ ਨੇ ਗਰਜ ਕੇ ਕਿਹਾ—'ਅਸਾਂ ਟੀਪੂ ਸੁਲਤਾਨ ਫੜ ਲਿਆ ਹੈ, ਜੋ ਕਿ ਫਸਾਦ ਦੀ ਜੜ੍ਹ ਹੈ । ਸਰਕਾਰ ਕੋਲ ਇਹਦੇ ਬਾਰੇ ਸਾਰਾ ਹੀ ਪੁਰਾਣਾ ਰਿਕਾਰਡ ਮੌਜੂਦ ਹੈ । ਤੂੰ ਹੁਣ ਦਫਾ ਹੋ ਜਾ ।'

ਮੈਂ ਸੁਖ ਦਾ ਸਾਹ ਲਿਆ । ਪਰ ਮੇਰੇ ਵਾਪਿਸ ਮੁੜਣ ਤੋਂ ਪਹਿਲਾਂ ਉਹਨੇ ਬੜੇ ਭੇਤ ਭਰੇ ਅੰਦਾਜ਼ ਵਿਚ ਮੈਨੂੰ ਹੁਕਮ ਦਿਤਾ—'ਤੂੰ ਸਹੁੰ ਖਾਧੀ ਹੈ...ਬਾਹਰ ਜਾਕੇ ਕਿਸੇ ਤਰ੍ਹਾਂ ਦਾ ਕੋਈ ਬਕਵਾਸ ਨਾ ਕਰੀਂ...ਨਹੀਂ ਤਾਂ ਤੈਨੂੰ ਹੀ...'



Sri Satguru Jagjit Singh Ji Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਧਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

## ਨਾਮਧਾਰੀ ਏਜੰਸੀਜ਼

੨/੨੦੬੮, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS
OR ALL KINDS, IN ATTRACTIVE AND GUARANTEED FAST COLOURS
WOODEN & STEEL FURNITURE
& PADESTALFAN ETC.**

Phones : Office : 258411
" : 250345
Resi. : 213054

**PLEASE CONTACT**

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.





Sri Satguru Jagjit Singh Ji Elibrary NamdhariElibrary@gmail.com

# ਨਵੀਆਂ ਪੁਸਤਕਾਂ ਚੋਂ ਗ਼ਜ਼ਲਾਂ

ਕਰਤਾਰ ਸਿੰਘ ਕਾਲੜਾ

ਝੁੱਗੀ ਕੋਲ ਮਹੱਲ ਵੱਸਿਆ ਹੈ ਭਾਵਾਂ ਦੀ ਲੱਥੀ ਛੋਈ ਹੈ !
ਸੋਚਾਂ ਦੇ ਉਗਮਨ ਤੋਂ ਪਹਿਲਾਂ ਭਾਵਾਂ ਦੀ ਮਿਰਤੂ ਹੋਈ ਹੈ !

ਛੱਲ ਉੱਠੀ ਹੈ ਪੂਰਬ ਵੱਲੋਂ ਪੱਛਮ ਦਾ ਸਾਹ ਸੁੱਕ ਰਿਹਾ ਏ ।
ਤੀਜੇ ਵਿਸ਼ਵ ਦਿਆਂ ਰੱਥਵਾਨਾਂ ਦੇ ਚਿਹਰੇ ਤੇ ਅਜ ਰੋਟੀ ਹੈ ।

ਵੱਜ ਜਾਣਾ ਹੈ ਭੂੰਡ ਪਟਾਕਾ ਡੱਬੀ ਜਦ ਵੀ ਭੋਂ 'ਤੇ ਵੱਜੀ
ਖਾਲੀ ਵਾਰ ਨਹੀਂ ਜਾਵੇਗਾ ਕਾਰੀਗਰ ਮਿੱਟੀ ਗੋਈ ਹੈ ।

ਮਹਿਲ ਮੁਨਾਰੇ ਕੰਬ ਉਠੇ ਨੇ ਚੁਪ ਸਾਡੀ ਦੀ ਘੂਰੀ ਕੋਲੋਂ
ਸੰਗ੍ਰਾਮਾਂ ਦੀ ਧਰਤਿ ਸਵਾਰੀ ਚਿੰਤਨ ਜੋਗ ਅਸਾਂ ਜੋਈ ਹੈ !

ਰਾਹੋਂ ਦੀ ਕੀ ਗੱਲ ਕਰਦੇ ਹੋ ਰਾਹਾਂ ਦਾ ਤਾਂ ਸਿਰਫ਼ ਬਹਾਨਾ
ਜੁੱਗਾਂ ਜੁੱਗਾਂ ਦੇ ਰੱਥਵਾਨਾਂ ਸਿਰ ਉਤੋਂ ਲਾਹੀ ਲੋਈ ਹੈ ।

ਰੋਟੀ ਦਾ ਚੱਕਰ ਹੈ ਨਈਂ ਤਾਂ ਚੁੱਪ ਦਾ ਜੰਦਰਾ ਟੁੱਟ ਸਕਦਾ ਹੈ
ਤਾਂ ਹੀ ਤਾਂ ਅਕਲਾਂ ਦੀ ਚਾਬੀ ਚਿੰਤਕ ਨੇ ਹੱਥੋਂ ਖੋਈ ਹੈ ।

ਨਾਲ ਹਨੇਰੇ ਜੂਝ ਰਹੇ ਨੇ ਚਾਨਣ ਦੇ ਰਖਵਾਲੇ ਕਿਰਤੀ
ਵਾਹ ਕੇ ਇਤਿਹਾਸਾਂ ਦੀ ਧਰਤੀ ਚਿੰਤਨ ਦੀ ਹਾੜ੍ਹੀ ਬੋਈ ਹੈ ।

ਚਾਨਣ ਦੀ ਰਖਵਾਲੀ ਵਿਚੋਂ

ਪਰਸ਼ਨ ਸਿੰਘ ਪਰਸ਼ਨ

ਔਣ ਬਹਾਰਾਂ ਪੀੜਾਂ ਲੈ ਕੇ ਮਨ ਮੇਰੇ ਚੋਂ ਫੁਟ ਦੇ ਅੱਖਰ ।
ਦਿਲ ਦੇ ਹੰਸ ਉਦਾਸੇ ਹੋਕੇ, ਮੋਤੀ ਦੀ ਜਾ' ਚੁਗਦੇ ਅੱਖਰ ॥

ਇਕ ਮਾਸ ਦੇ ਟੋਟੇ ਅੰਦਰ, ਸੋਚਾਂ ਲਾਵੇ ਗੜਕਨ ਲਗਦੇ ।
ਲਾ ਕੇ ਅੱਗ ਵਫਾਈ ਵਾਲੀ ਕਾਗਜ਼ ਉਪਰ ਸੁਟਦੇ ਅੱਖਰ ॥

ਰੋਂਦੇ ਤੱਕ ਕੇ ਵਿਚ ਜੁਦਾਈ, ਲਗਦੀ ਕਦਣ ਕਲਮ ਕਸੀਦੇ !
ਧਾਗੇ ਫੁੱਲ ਪਰੋਂਦੇਂ ਜਿਵੇਂ; ਅਖਰਾਂ ਪਿੱਛੇ ਠੁਕਦੇ ਅੱਖਰ ॥

ਦੇ ਕੇ ਧੋਖਾ ਇਕ ਦੂਜੇ ਨੂੰ, ਯਾਦਾਂ ਦੀ ਛੋਹਣ ਕਹਾਣੀ ।
ਪਲਕਾਂ ਹੰਝੂ ਰੋਕ ਸਕਣ ਨਾ, ਕਲਮ ਮੇਰੀ ਦੇ ਰੁਕਦੇ ਅੱਖਰ ।

ਰਤ ਦੇ ਗਰਬੋਂ ਬਾਲ ਕੇ ਭਾਂਬੜ ਜੀਭ ਕਲਮ ਦੀ ਕਰਕੇ ਕੋਲੇ ।
ਲਿਖ ਲਿਖ ਲਾਏ ਢੇਰ ਜੋ ਪਰਸ਼ਨ ਜਦ ਤੱਕੋ ਤਦ ਧੁਖਦੇ ਅੱਖਰ ॥

ਦੇਵ ਨਾਗਰੀ 'ਚ ਛੱਪੀ ਪੁਸਤਕ
ਧੁਖਦੇ ਅੱਖਰ ਵਿਚੋਂ



Sri Satguru Jagjit Singh Ji Elibrary NamdhariElibrary@gmail.com

## ਦੋ ਗ਼ਜ਼ਲਾਂ

—ਰਾਜ ਦੁਲਾਰ

ਕੱਚਿਆਂ ਰੰਗਾਂ ਵਾਂਗ ਅਸੀਂ ਮੁਸਕਾਉਂਦੇ ਹਾਂ।
ਸੱਚ ਬੋਲਣ ਤੇ ਦੁਸ਼ਮਣ ਹੋਰ ਬਣਾਉਂਦੇ ਹਾਂ।

ਮਿਲਣ ਸਮੇਂ ਤਾਂ ਪੁਲ ਬੰਨ੍ਹਦੇ ਹਾਂ ਸਿਫ਼ਤਾਂ ਦੇ
ਮਗਰੋਂ ਚੁਗਲੀ ਨਾਲ ਉਸੇ ਨੂੰ ਢਾਹੁੰਦੇ ਹਾਂ।

ਲਾਈ-ਲਾਗ, ਬੇ-ਗ਼ੈਰਤ ਤੇ ਬੇ-ਸਮਝੇ ਨੂੰ
ਉਂਗਲਾਂ ਉੱਤੇ ਪੁਤਲੀ ਵਾਂਗ ਨਚਾਉਂਦੇ ਹਾਂ।

ਮਗਰੋਂ ਭਾਵੇਂ ਜੀਣਾ ਮੁਸ਼ਕਿਲ ਹੋ ਜਾਵੇ
ਚਾਦਰ ਨਾਲੋਂ ਅੱਗੇ ਪੈਰ ਵਧਾਉਂਦੇ ਹਾਂ।

ਸਾਰੀ ਉਮਰ ਕਿਰਾਇਆ ਭਰਦੇ ਬੀਤ ਗਈ
ਨਿਤ ਸੋਚਾਂ ਵਿਚ ਰੇਤ ਦੇ ਮਹਿਲ ਬਣਾਉਂਦੇ ਹਾਂ।

੨

ਜੀਵਨ ਦੇ ਦੁਖ ਸਾਨੂੰ ਬਹੁਤ ਪਿਆਰੇ ਨੇ।
ਇਹਨਾਂ ਦੇ ਸੰਗ ਔਖੇ ਵਕਤ ਗੁਜ਼ਾਰੇ ਨੇ।

ਇਕ ਤਾਂ ਰਸਤੇ 'ਚੋਂ ਕੇਲੇ ਦੀ ਛਿਲ ਚੁਕਦੈ
ਇਕ ਨੇ ਕਚ ਦੇ ਟੁਕੜੇ ਕਿੰਝ ਖਿਲਾਰੇ ਨੇ।

ਮੇਲ ਸਮੇਂ ਹਰ ਪਾਸੇ ਖ਼ੁਸ਼ਬੋ ਖਿਲਰੀ ਹੈ
ਯਾਰ ਅਸਾਡੇ ਮਹਿਕਾਂ ਦੇ ਵਣਜਾਰੇ ਨੇ।

ਬੇਵਸਿਆਂ ਨੂੰ ਹੋਰ ਸਤਾਉਂਦੇ ਕਿਸ ਗੱਲੋਂ
ਇਹ ਤਾਂ ਪਹਿਲੋਂ ਹੀ ਕਿਸਮਤ ਦੇ ਮਾਰੇ ਨੇ।

ਮਾਨਵ ਨੇ ਮਾਨੁਖਤਾ ਹਾਲੇ ਪਾਈ ਨਈਂ
ਬੇਸ਼ਕ ਇਸ ਦੇ ਪੈਰਾਂ ਵਿਚ ਚੰਨ-ਤਾਰੇ ਨੇ।

(ਦੁਪਹਿਰ ਖਿੜੀ ਵਿਚੋਂ)

## ਦੋ ਗ਼ਜ਼ਲਾਂ

—ਜਗਦੀਸ਼ ਨੀਲੋਂ—

ਸੰਨਾਟੇ ਨੂੰ ਸ਼ੋਰ 'ਚ ਬਦਲਣ ਦੀ ਗਾਥਾ
ਸ਼ਾਇਦ ਫਿਰ ਇਤਿਹਾਸ ਨੂੰ ਦੁਹਰਾਇਆ ਜਾਵੇ !

ਕਿਥੋਂ ਟੁਰੇ ਤੇ ਕਿਥੇ ਸਫ਼ਰ ਖ਼ਤਮ ਹੋਇਆ
ਨਾਦਾਨਾਂ ਨੂੰ ਕੁਝ ਤਾਂ ਸਮਝਾਇਆ ਜਾਵੇ.

ਜਦੋਂ ਵਫ਼ਾ ਦਾ ਦਾਮਨ ਹੱਥੋਂ ਖਿਸਕ ਗਿਆ
ਕਿਸ ਬਹਾਨੇ ਦਿਲ ਨੂੰ ਬਹਿਲਾਇਆ ਜਾਵੇ।

ਮਕਤਲ ਵੀ, ਦੀਵਾਨੇ ਅਤੇ ਬਹਾਨੇ ਵੀ
ਕੀ ਕਰੀਏ, ਬਸ ਮੂੰਹੋਂ ਫਰਮਾਇਆ ਜਾਵੇ।

ਨੱਕੋ ਨੱਕ ਦਿਲ ਭਰਿਆ ਹੈ, ਮਜਬੂਰੀ ਹੈ
ਹੋਰ ਗ਼ਮਾਂ ਨੂੰ ਕਿੱਥੇ ਠਹਿਰਾਇਆ ਜਾਵੇ ?

ਕੁਝ ਵੀ ਤਾਂ ਐਸਾ ਨਹੀਂ ਵਾਪਰਿਆ ਜਿਸ ਤੋਂ
ਸ਼ਰਮਾਇਆ ਜਾਵੇ ਜਾਂ ਪਛਤਾਇਆ ਜਾਵੇ !

੨

ਹਾਲੇ ਵੀ ਇਕ ਭਰਮ ਜਿਹਾ ਤੜਪਾਉਂਦਾ ਹੈ
ਮੁੜ ਮੁੜ ਦਿਲ ਤੇਰੇ ਰਾਹਾਂ ਵਲ ਆਉਂਦਾ ਹੈ।

ਇਕ ਪਿੰਜਰੇ ਤੋਂ ਦੂਜੇ ਤੱਕ ਸਫ਼ਰ ਨਵਾਂ
ਕੁਝ ਤਿੜਕਣ ਦਾ ਦਿਲ ਅਹਿਸਾਸ ਦਿਲਾਉਂਦਾ ਹੈ।

ਆਪਣਾ ਦਰਦ ਦਰਖ਼ਤਾਂ ਤੱਕ ਨੂੰ ਕਹਿ ਜਾਂਦੇ
ਸਮਾਂ ਵੀ ਕੇਹੋ ਜੇਹੇ ਨਾਚ ਨਚਾਉਂਦਾ ਹੈ।

ਜੋ ਵੀ ਢਿੱਡ 'ਤੇ ਪੱਥਰ ਬੰਨ੍ਹਕੇ ਟੁਰਦਾ ਹੈ
ਭੁੱਖਾਂ ਦਾ, ਪਿਆਸਾਂ ਦਾ ਸ਼ੋਰ ਦਬਾਉਂਦਾ ਹੈ।

ਪੱਤੀ ਪੱਤੀ ਗਈ ਵਲੂੰਧਰ ਤੇਜ਼ ਹਵਾ
ਫੁੱਲ ਵਿਚਾਰਾ ਜ਼ਖ਼ਮਾਂ ਨੂੰ ਸਹਿਲਾਉਂਦਾ ਹੈ।



Sri Satguru Jagjit Singh Ji Elibrary NamdhariElibrary@gmail.com

# ਪ੍ਰਤੀਕਰਮ

## ਏਸ਼ੀਆਡ ਅੰਕ

ਦਸੰਬਰ-ਜਨਵਰੀ ਦਾ ਵਰਿਆਮ ਮਿਲਿਆ ਤੇ ਮਨ ਨੂੰ ਚੈਨ ਤੱਦ ਹੀ ਆਇਆ ਜੱਦ ਉਸ ਦੀਆਂ ਦੁਰਲੱਭ ਫੋਟੋਆਂ ਦੇ ਨਾਲ ਨਾਲ ਪੂਰਾ ਏਸ਼ੀਆਡ ਵੇਖ ਨਾ ਲਿਆ। ਉਥੇ ਰਹਿ ਕੇ ਸਾਰਾ ਪਰੋਗਰਾਮ ਵੇਖ ਕੇ ਉਸ ਬਾਰੇ ਇਕ ਸਪੈਸ਼ਲ ਅੰਕ ਕਢਣਾ ਇਹ ਸ਼ਾਇਦ ਪੰਜਾਬੀ ਦਾ ਇਕੋ ਇਕ ਰਸਾਲਾ ਹੋਵੇਗਾ, ਜਿਸਨੇ ਇੰਨੀ ਮੇਹਨਤ ਤੇ ਲਗਨ ਨਾਲ ਅੰਕ ਕਢਿਆ ਹੈ। ਅਜੇਹੇ ਰਿਕਾਰਡ ਵਿਚ ਸੰਭਾਲਣ ਯੋਗ ਅੰਕ ਲਈ ਤੁਸੀਂ ਵਧਾਈ ਦੇ ਪਾਤਰ ਹੋ, ਜੋ ਇਕੱਲੇ ਹੀ ਇਕ ਸਿਰੜੀ ਵਾਂਗ ਇਸ ਕੰਮ ਵਿਚ ਜੁੱਟੇ ਰਹੇ ਹੋ।

ਸੰਪਾਦਕੀ ਲਿਖਦਿਆਂ ਜਿਥੇ ਤੁਸੀਂ ਹਰਿਆਣੇ ਦੇ ਮੁਖ ਮੰਤਰੀ ਦੀ ਜ਼ਿਆਦਤੀ ਦੇ ਹੁਕਮ ਦੀ ਗੱਲ ਕੀਤੀ ਹੈ, ਉਥੇ ਲੋਕਾਂ ਦੇ ਵਿਚਾਰ ਵੀ ਦਸੇ ਹਨ। ਕੁੱਝ ਨਿੱਜੀ ਜਿਹੀਆਂ ਗੱਲਾਂ ਉਸ ਵਿਚ ਵਾਧੂ ਜਾਪੀਆਂ ਹਨ। ਦਿਲੀ ਵਿਆਹ ਵਾਲੀ ਗੱਲ ਦਾ ਜ਼ਿਕਰ ਵੀ ਬੇਲੋੜਾ ਹੈ। ਉਹ ਘਟਨਾ ਲਿਖਣ ਨਾਲ ਇਓਂ ਜਾਪਣ ਲੱਗ ਪਿਆ ਹੈ ਜਿਵੇਂ ਕਿ ਤੁਹਾਨੂੰ ਖੇਡਾਂ ਨਾਲ ਜਾਂ ਏਸ਼ੀਆਡ ਦੀ ਕਵਰੇਜ ਨਾਲ ਕੋਈ ਬਹੁਤਾ ਮਤਲਬ ਨਹੀਂ ਸੀ, ਆਪ ਤਾਂ ਕੇਵਲ ਆਪਣੇ ਗੁਰੂ ਜੀ ਦੇ ਹੁਕਮ ਮੁਤਾਬਕ ਹੀ ਉਥੇ ਗਏ ਤੇ ਲਗਦੇ ਹੱਥ ਇਸ ਅੰਕ ਦਾ ਮਸਾਲਾ ਤਿਆਰ ਹੋ ਗਿਆ। ਜੇ ਇਹ ਪੈਰਾ ਨਾ ਹੋਵੇ ਤਾਂ ਇਓਂ ਲਗਦਾ ਹੈ ਕਿ ਤੁਸੀਂ ਪਾਠਕਾਂ ਲਈ ਕੁਝ ਕਰਨ ਗਏ ਸੋ। ਬਾਕੀ ਕਵੀ ਜੀ ਦੀ ਯਾਦ ਦੀਆਂ ਤਾਂ ਕਿਆ ਹੀ ਬਾਤਾਂ। ਉਹ ਇਕ ਇਤਿਹਾਸਕ ਰਿਕਾਰਡ ਹੈ, ਜੋ ਕਿਤਾਬੀ ਸ਼ਕਲ ਵਿਚ ਬਹੁਤ ਸਲਾਹਿਆ ਜਾਵੇਗਾ।

ਜੰਗ ਬਹਾਦਰ ਸਿੰਘ ਘਈ
ਜਲੰਧਰ

ਨੌਵੀਆਂ ਏਸ਼ੀਆਈ ਖੇਡਾਂ ਬਾਰੇ ਵਿਸਥਾਰ ਵਿਚ ਦਿਤੀ ਤੁਹਾਡੀ ਜਾਣਕਾਰੀ ਏਡੀ ਸਜੀਵ, ਨਰੋਈ ਤੇ ਸਾਫ ਸਰਲ, ਹਿਰਦੇ ਨੂੰ ਛੂੰਹਦੀ ਭਾਸ਼ਾ ਵਿਚ ਹੈ ਕਿ ਦਿਲ ਅੱਸ਼ ਅੱਸ਼ ਕਰ ਉਠਿਆ। ਇਸ ਨੂੰ ਪੜ੍ਹਦਿਆਂ ਹੋਇਆਂ ਜਜ਼ਬਾਤ ਵਸ ਹੋਇਆ ਮਨ ਤਰਲ ਅਵਸਥਾ ਵਿਚ ਵਹਿ ਤੁਰਿਆ ਏ। ਬਾਰ ਬਾਰ ਅੱਖਾਂ ਸੱਜਲ ਹੋ ਹੋ ਗਈਆਂ।

ਮੇਰੀ ਜੀਵਨ ਸਾਥਣ ਦੀ ਬੀਮਾਰੀ ਕਾਰਨ ਮੈਂ ਪਿਛਲੇ ਦੋ ਮਹੀਨੇ ਹਸਪਤਾਲਾਂ ਦੇ ਚਕਰ ਵਿਚ ਰਿਹਾ ਹਾਂ। ਉਸ ਨੂੰ (ਪਲੂਰਸੀ) ਫੇਫੜੇ ਵਿਚ ਪਾਣੀ ਪੈ ਗਿਆ ਸੀ। ਏਸ ਲਈ ਦਿਲੀ ਤੋ ਦੂਰ ਅਸਤ'' ਮੈਂ ਇਹਨਾਂ ਖੇਡਾਂ ਦੀ ਝਲਕ ਟੀ. ਵੀ. ਤੇ ਵੀ ਨਹੀਂ ਸਾਂ ਵੇਖ ਸਕਿਆ। ਮੈਨੂੰ ਉਂਗਲੀ ਲਾਕੇ ਤੁਸੀਂ ਜੋ ਸਾਰੇ ਸਟੇਡੀਅਮ ਵਿਖਾ ਲਿਆਏ ਹੋ ਉਸ ਲਈ ਤੁਹਾਡਾ ਦਿਲੋਂ ਧਨਵਾਦੀ ਹਾਂ।

ਕੈਪਟਨ ਤਰਲੋਕ ਸਿੰਘ
ਪਿੰਡ ਹਰੀਪੁਰ ਨਾਇਕ
(ਨੈਨੀਤਾਲ)

—ਵਰਿਆਮ ਦਾ ਦਸੰਬਰ-ਜਨਵਰੀ ਅੰਕ ਮਿਲਿਆ। ਪਰਚਾ ਸੁੰਦਰ ਹੈ ਤੇ ਮੈਟਰ ਭਾਵਪੂਰਤ ਤੇ ਨਰੋਆ ਹੈ। ਆਪ ਦੇ ਉੱਦਮ ਸ਼ਲਾਘਾ ਯੋਗ ਹਨ।

ਨਵਰਾਹੀ ਘੁਗਿਆਨਵੀ
ਫਰੀਦਕੋਟ

ਏਸ਼ੀਆਈ ਖੇਡਾਂ ਵਾਲਾ ਵਰਿਆਮ ਮੇਰੇ ਮਨ ਨੂੰ ਇਥੋਂ ਤਕ ਚੰਗਾ ਲਗਾ ਕਿ ਮੈਂ ਕਿਸੇ ਤਰ੍ਹਾਂ ਵੀ ਕੋਈ ਹੋਰ ਇਸ ਦੇ ਬਰਾਬਰ ਨਹੀਂ ਸਮਝ ਸਕਦਾ ਪਰ ਅਣਗੋਲੇ ਪੱਖ ਪੜ੍ਹ ਕੇ ਥੋੜਾ ਮਨ ਖਰਾਬ ਹੋਇਆ ਕਿ ਇਹੋ ਜਿਹੇ ਖੁਸ਼ੀ ਭਰੇ ਮਾਹੌਲ ਵਿਚ ਇਹ ਰਾਜਨੀਤਕ ਨਿਸ਼ਾਨੇ ਵੀ ਸਨ। ਜੋ ਸਾਰਾ ਖੇਡਾਂ ਵਾਸਤੇ ਲਿਖਿਆ ਹੈ ਉਹ ਪੜ੍ਹ ਕੇ ਇਵੇਂ ਲਗਾ ਜਿਵੇ ਮੈਂ ਵੀ ਨਾਲ ਹੋਵਾਂਗਾ। ਹੋਰ ਜੀ ਇਹੋ ਜਿਹੇ ਪਰੋਗਰਾਮ ਬਾਰੇ ਜਿਥੋਂ ਤੱਕ ਵੀ ਹੋ ਸਕੇ ਵੱਧ ਤੋਂ ਵੱਧ ਕਰ ਕੇ ਲਿਖਿਆ ਕਰੋ। ਜਦੋਂ ਤੱਕ ਨਵਾਂ ਵਰਿਆਮ ਨਹੀਂ ਆਉਂਦਾ ਤਾਂ ਡਾਕ ਵਲ ਤਕਦਾ ਰਹਿੰਦਾ ਹਾਂ। ਜਿਥੋਂ ਤੱਕ ਵੀ ਹੋ ਸਕੇ ਇਹੋ ਜਿਹੇ ਪਰੋਗਰਾਮ ਤੇ ਜਾਂਦੇ ਰਿਹਾ ਕਰੋ।

ਅਮਰੀਕ ਸਿੰਘ
ਮਾਲੋ ਮਜ਼ਾਰਾ (ਜਲੰਧਰ)

ਵਰਿਆਮ ਦਾ ਏਸ਼ੀਆਈ ਖੇਡਾਂ ਬਾਰੇ ਛੱਪਿਆ ਇਸ਼ੂ ਮਿਲਿਆ ਵੇਖ ਕੇ ਬੜੀ ਖੁਸ਼ੀ ਹੋਈ। ਚਾਚੇ ਚੰਡੀਗੜ੍ਹੀਏ ਨੇ ਅਕਾਲੀਆਂ ਦੇ ਦਿਲੀ ਦੇ ਮੋਰਚੇ ਬਾਰੇ ਇਕ ਹਾਸ ਵਿਅੰਗ



Sri Satguru Jagjit Singh Ji Elibrary NamdhariElibrary@gmail.com

ਲੇਖ ਲਿਖਿਆ ਸੀ ਜਿਸ ਦਾ ਨਾਉਂ ਸੀ—ਚਾਚੇ ਚੰਡੀਗੜੀਏ ਦਾ ਦਿੱਲੀ ਤੇ ਧਾਵਾ" ਇਸ ਲੇਖ ਵਿਚ ਜੀਵਨ ਨਗਰ ਸਿਰਸੇ ਦੀ ਹਾਕੀ ਦੀ ਟੀਮ ਦਾ ਜ਼ਿਕਰ ਕੀਤਾ ਗਿਆ ਸੀ ਉਹ ਟੀਮ ਜੇਕਰ ਏਸ਼ੀਆਈ ਖੇਡਾਂ ਵਿਚ ਭੇਜੀ ਜਾਂਦੀ ਤਾਂ ਭਾਰਤ ਦੀ ਹਾਕੀ ਟੀਮ ਨਾਲੋਂ ਵਧੇਰੇ ਚੰਗੀ ਖੇਡ ਖੇਡੀ ਜਾਂਦੀ।

ਡਾ: ਗੁਰਨਾਮ ਸਿੰਘ ਤੀਰ
ਚੰਡੀਗੜ੍ਹ

"ਵਰਿਆਮ" ਦਾ ਦਸੰਬਰ-ਜਨਵਰੀ ਦਾ ਅੰਕ ਪੜ੍ਹਿਆ। ਇਸ ਅੰਕ ਨੂੰ ਅਗਰ ਮੈਂ ਇਤਿਹਾਸਕ ਅੰਕ ਆਖ ਦਿਆਂ ਤਾਂ ਅੱਤ-ਕਥਨੀ ਨਹੀਂ ਹੋਵੇਗੀ। ਜਿੰਨਾਂ ਵੀ ਹੋ ਸਕਿਆ ਟੀ. ਵੀ. ਤੋਂ ਏਸ਼ੀਅਨ ਗੇਮਾਂ ਨੂੰ ਦੇਖ ਕੇ ਅਨੰਦ ਮਾਣਿਆ। ਪਰ ਇਕ ਸੱਧਰ ਜ਼ਰੂਰ ਅਧੂਰੀ ਸੀ ਕਿ ਕਾਸ਼ ਦਿੱਲੀ ਜਾ ਕੇ ਇਹ ਗੇਮਾਂ ਦੇਖਦੇ। ਪਰ "ਵਰਿਆਮ" ਦਾ ਇਹ ਅੰਕ ਪੜ੍ਹਕੇ ਇੰਜ ਮਹਿਸੂਸ ਹੋਇਆ ਜਿਵੇਂ ਅਸੀਂ ਦਿੱਲੀ ਦੇ ਵੱਖ ਵੱਖ ਸਟੇਡੀਅਮਾਂ ਵਿਚ ਵੀ ਗੇਮਾਂ ਨੂੰ ਜਾ ਦੇਖਿਆ ਹੋਵੇ। ਜਿਵੇਂ ਤੁਸੀਂ ਬਰੀਕ ਤੋਂ ਬਰੀਕ ਗੱਲ ਨੂੰ ਵੀ ਬਿਆਨਿਆ ਹੈ, ਇਸ ਗੱਲ ਲਈ ਤੁਹਾਨੂੰ ਜਿੰਨੀ ਵੀ ਵਧਾਈ ਦਿੱਤੀ ਜਾਏ, ਥੋੜ੍ਹੀ ਹੈ। ਤੁਸੀਂ ਸਿਰਫ ਗੇਮਾਂ ਹੀ ਨਹੀਂ ਦਿਖਾਈਆਂ, ਸਗੋਂ ਪੂਰਾ ਇਤਿਹਾਸ ਬਿਆਨਿਆ ਹੈ। ਹਰੇਕ ਗੱਲ 'ਚ ਹੱਥ ਘੁੱਟਿਆ ਨਹੀਂ ਸਗੋਂ ਬੜੀ ਮਿਹਨਤ ਨਾਲ ਵਿਸਥਾਰ ਦਿੱਤਾ ਹੈ। ਫੋਟੋਆਂ ਦਿੱਤੀਆਂ ਹਨ। ਤੁਹਾਡੀ ਕਲਮ ਚੁੰਮਣ ਨੂੰ ਦਿਲ ਕਰਦਾ ਹੈ।

"ਜਸਵੰਤ ਸਿੰਘ ਵਿਰਦੀ" ਦਾ ਹਰ ਰੇਖਾ ਚਿੱਤਰ (ਨਦੀਆਂ) ਪੜ੍ਹਿਆ ਹੈ। ਉਹਨਾਂ ਦੇ ਹਰ ਰੇਖਾ ਚਿੱਤਰ ਚੋਂ ਦਿਲ ਧੜਕਦਾ ਦਿਖਾਈ ਦਿੰਦਾ ਹੈ ਨਦੀਆਂ ਦੀ "ਛਲਛਲ" ਦੀ ਆਵਾਜ਼ ਸੁਣਾਈ ਦਿੰਦੀ ਹੈ। ਪੰਜਾਬੀ-ਸਾਹਿਤ ਵਿਚ ਉਹਨਾਂ ਦੀ ਇਸ ਕਿਸਮ ਦੀ ਵਡਮੁੱਲੀ ਦੇਣ ਲਈ ਪੰਜਾਬੀ ਪਾਠਕ ਉਹਨਾਂ ਦੇ ਰਿਣੀ ਰਹਿਣਗੇ।

ਆਪਦਾ
ਮਹਿੰਦਰ ਭੱਟੀ

## ਨਵੰਬਰ ਅੰਕ

ਨਵੰਬਰ ਅੰਕ ਵਿਚ ਬਾਬੇ ਨਾਨਕ ਨੂੰ ਯਾਦ ਕਰਦਿਆਂ ਤੁਸਾਂ ਸੰਪਾਦਕੀ ਵਿਚ ਬਹੁਤ ਮਾਅਰਕੇ ਦੀਆਂ ਗਲਾਂ ਕੀਤੀਆਂ ਹਨ। ਡਾ: ਗੁਰਨਾਮ ਸਿੰਘ ਤੀਰ ਦਾ ਲੇਖ ਦੁਬਾਰਾ ਪ੍ਰਕਾਸ਼ਤ ਕਰਨਾ ਹੀ ਇਸ ਗਲ ਦਾ ਸੂਚਕ ਸੀ ਕਿ ਇਹਦੇ ਵਿਚ ਕੋਈ ਖਾਸ ਗਲ ਹੋਵੇਗੀ। ਤੀਰ ਨੇ ਸਚਮੁਚ ਬਹੁਤ ਭਿਜ ਕੇ ਲਿਖਿਆ ਹੈ। ਤੀਰ ਖਾਣ ਵਾਲੇ ਹੀ ਵਧੀਆ ਤੀਰ ਮਾਰ ਸਕਦੇ ਹਨ ਵਰਿਆਮ ਵਿਚ ਛਾਪ ਕੇ ਇਹ ਲੇਖ ਬਿਲਕੁਲ ਨਵਾਂ ਹੀ ਲਗਾ ਅਜਿਹੇ ਲੇਖ ਹੋਰ ਵੀ ਦਿਆ ਕਰੋ।

ਅਮਰ ਸਿੰਘ ਸੁਲਤਾਨਪੁਰ
ਨਵੀਂ ਦਿੱਲੀ

ਮੈਂ ਤੀਰ ਦੇ ਵਿਅੰਗ ਬਾਣ ਪੜ੍ਹੇ ਹਨ। ਬੰਦੇ ਨੂੰ ਗਲ ਕਰਨੀ ਆਉਂਦੀ ਹੈ।

ਪ੍ਰੀਤਮ ਸਿੰਘ ਕਵੀ

ਨਾਮਧਾਰੀ ਪੰਥ ਦੇ ਅਸੂਲਾਂ ਬਾਰੇ ਵਿਦਵਾਨਾਂ ਦੇ ਲੇਖ ਸ਼ਾਮਲ ਕੀਤੇ ਜਾਣ ਤਾਂ ਜੋ ਨੌਜਵਾਨ ਪੀੜ੍ਹੀ ਇਸ ਪੰਥ ਦੇ ਅਸੂਲਾਂ ਤੋਂ ਵਾਕਿਫ਼ ਹੋ ਸਕੇ ਜਿਵੇਂ ਨਾਮਧਾਰੀ ਪੰਥ ਵਿਚ ਵਿਚ ਨੀਲੇ ਰੰਗ ਦੀ ਕੋਈ ਵੀ ਚੀਜ਼ ਵਰਤਣੀ ਵਰਜਿਤ ਕਿਉਂ ਹੈ?—ਇਹੋ ਜਿਹੇ ਫੀਚਰ ਸ਼ਾਮਲ ਕੀਤੇ ਜਾਣ।

ਦਰਸ਼ਨ ਸਿੰਘ
ਮਾਡਲ ਟਾਊਨ ਲੁਧਿਆਣਾ

## ਅਲੋਕਿਕਤਾ ਛਾਪੋ

ਬੇਨਤੀ ਹੈ ਕਿ ਆਪ ਵਰਿਆਮ ਦੇ ਪਰਚੇ ਵਿਚ ਆਮ ਵਾਕਫੀ ਤੋਂ ਬਿਨਾਂ ਸ੍ਰੀ ਸਤਿਗੁਰੂ ਰਾਮ ਸਿੰਘ ਜ਼ੀ ਤੋਂ ਲੈ ਕੇ ਹੁਣ ਤੱਕ ਸਤਿਗੁਰੂ ਰਾਮ ਸਿੰਘ ਸਤਿਗੁਰੂ, ਹਰੀ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਮੌਜੂਦਾ ਗੁਰੂ ਜੀ ਦੇ ਅਲੋਕਿਕ ਕਾਰਨਾਮੇ ਲਿਖਿਆ ਕਰੋ ਜਿਸ ਤਰ੍ਹਾਂ ਆਪ ਮਹਿੰਦਰ ਸਿੰਘ ਪੂਰਬਾ ਦਾ ਲਿਖਿਆ ਸੀ ਅਤੇ ਇਸੇ ਅਧਾਰ ਤੇ ਆਪ ਨੇ ਇਕ ਸਿੱਖ ਦੀ ਰਾਏ ਦੀ ਚਿੱਠੀ ਛਾਪੀ ਸੀ ਏਸੇ ਵਿਸ਼ੇ ਤੇ ਆਪ ਨੇ ਜਵਾਬ ਦਿਤਾ ਸੀ। ਸੋ ਆਪ ਉਪਰੋਕਤ ਕਾਰਨਾਮਿਆਂ ਦੀ ਬਾਬਤ ਇਕ ਖਾਸ ਲੇਖ ਲੜੀਵਾਰ ਚਾਲੂ ਕਰੋ ਜਿਸ ਤਰ੍ਹਾਂ ਬੀਤੇ ਦੀਆਂ ਪੈੜਾਂ ਹਨ। ਏਸੇ ਤਰ੍ਹਾਂ ਦਾ ਫੀਚਰ ਲੜੀਵਾਰ ਚਾਲੂ ਕਰੋ ਜਿਸਦੀ ਆਮ ਸੰਗਤ ਨੂੰ ਬਹੁਤ ਲੋੜ ਹੈ। ਮੈਂ ਆਸ ਕਰਦਾ ਹਾਂ ਕਿ ਮੇਰੀ ਰਾਇ ਮਨਜ਼ੂਰ ਕਰਕੇ ਅਗਲੇ ਪਰਚੇ ਵਿਚ ਮੇਰੇ ਨਾਮ ਤੇ ਇਸ ਦਾ ਹਾਂ ਵਿਚ ਜਵਾਬ ਦਿਓਗੇ। ਧਨੰਵਾਦੀ ਹੋਵਾਂਗਾ।

ਬਾਬੂ ਸਿੰਘ ਨਾਮਧਾਰੀ
ਪਿੰਡ ਛਜਵਾਲ ਡਾ: ਜਗਰਾਓਂ
(ਲੁਧਿਆਣਾ)



Sri Satguru Jagjit Singh Ji Elibrary NamdhariElibrary@gmail.com

WITH

BEST

COMPLIMENTS

FROM

ਵਧੀਆ, ਸਵਾਦਿਸ਼ਟ ਪੋਸ਼ਟਿਕ ਬਿਸਕੁਟ ਬਨਾਉਣ ਵਾਲੇ

# ਅੰਬਰ ਫੂਡਜ਼

ਹੈਦਰਾਬਾਦ

# AMBER FOODS

**Amber pet HYDERABAD**

**(A.P.)**



Sri Satguru Jagjit Singh Ji Elibrary NamdhariElibrary@gmail.com

ਜਸਵੰਤ ਸਿੰਘ ਵਿਰਦੀ ਦਾ ਨਵਾਂ ਨਾਵਲ

ਪ੍ਰਕਾਸ਼ਕ : ਦੀਪਕ ਪਬਲਿਸ਼ਰਜ਼

# ਕੰਡਿਆਂ ਤੇ ਤੁਰਨਾ

(ਇਕ ਸਰਵੇਖਣ)

— ਡਾ: ਗੁਰਦਿਆਲ ਸਿੰਘ ਫੁੱਲ

ਜਸਵੰਤ ਸਿੰਘ ਵਿਰਦੀ ਦੇ ਨਾਵਲ 'ਕੰਡਿਆਂ ਤੇ ਤੁਰਨਾ' ਨਾਲ ਪੰਜਾਬੀ ਨਾਵਲ ਵਿਚ ਇਕ ਨਵੀਂ ਨਾਵਲੀ-ਸ਼ਿਲਪ ਵਿਧਾ ਦਾ ਪ੍ਰਵੇਸ਼ ਹੁੰਦਾ ਹੈ, ਜਿਸ ਵਿਚ ਮਜ਼ਾਕ, ਮਸ਼ਕਰੀ, ਵਿਅੰਗ, ਕਟਾਖਸ਼ ਟਿੱਚਰ, ਸਿੱਠ ਆਦਿ ਵਾਲੇ ਬਹੁਤ ਸਾਧਾਰਨ ਚੁਸੱਤ ਸਥਾਪਤ ਅਰਥਾਂ ਤੇ ਕੀਮਤਾਂ ਦੀ ਆਕਾਰਥਕ੍ਰਤਾ ਵਿੱਚੋਂ ਅਟਲ ਸਚਾਈਆਂ ਸਿਰਜਨ ਵਾਲੇ ਤੇ ਨਵੇ ਢੰਗ ਨਾਲ ਸੋਚਣ ਲਈ ਟੁੰਬਣ ਵਾਲੇ ਵਾਰਤਾਲਾਪ ਨਾਲ ਗਲਪ-ਰਚਨਾ ਵਿਚ ਵੀ ਆਧੁਨਿਕ ਨਾਟਕਾਂ ਦੇ ਪਾਤਰਾਂ ਵਾਂਗ ਪਾਤਰ ਜੀਉਂਦੇ, ਅਜੀਬ ਗਲਾਂ ਕਰਦੇ, ਆਪਸ ਵਿਚ ਟਕਰਾਉਂਦੇ, ਅਜੀਬ ਢੰਗ ਨਾਲ ਵਿਚਰਦੇ ਅਤੇ ਅਸਲੀਅਤ ਤੇ ਆਦਰਸ਼ਾਂ ਦੇ ਘਾਤਕ ਵਿਰੋਧ ਵਿਚ ਨਪੀੜੇ ਜਾਂਦੇ ਵਿਖਾਏ ਗਏ ਹਨ। ਨਾਟਕ ਵਿਚ, ਇਹੋ ਜਿਹੇ ਸਰਲ, ਚੁੱਸਤ ਵਿਅੰਗਾਤਮਕ ਵਾਰਤਾਲਾਪ ਰਾਹੀਂ ਜੀਵਨ ਤੇ ਸਮੇਂ ਦੀਆਂ ਸਥਾਪਤ ਕੀਮਤਾਂ ਦੀ ਆਕਾਰਥਕਤਾ ਤੇ ਤੀਖਣ ਆਲੋਚਨਾਤਮਕ ਕਟਾਖਸ਼ ਕਰਨ ਵਾਲੀ ਵਿਧੀ ਪਹਿਲੀ ਵਾਰੀ 'ਕਿੰਗ ਮਿਰਜ਼ਾ ਸਪੇਰਾ' (ਸੇਠੀ) ਤੇ 'ਸੁਨਹਿਰੀ ਚਿੱਟਾ ਕਾਲਾ' (ਫੁੱਲ) ਆਦਿ ਨਾਟਕਾਂ ਵਿਚ ਅਪਨਾਈ ਗਈ ਸੀ ਤੇ ਅਜਕਲ ਆਤਮਜੀਤ ਇਸ ਵਿਧੀ ਨਾਲ ਆਪਣੇ ਨਾਟਕਾਂ ਦੀ ਰਚਨਾ ਸਫਲਤਾ ਨਾਲ ਕਰ ਰਿਹਾ ਹੈ ਪਰ ਨਾਵਲ ਵਿਚ ਇਹ ਨਵੀਂ ਸੰਚਾਰ ਵਿਧੀ ਜਸਵੰਤ ਸਿੰਘ ਵਿਰਦੀ ਤੋਂ ਬਿਨਾ ਕਿਸੇ ਨੇ ਅਜੇ ਤੀਕ ਨਹੀਂ ਅਪਣਾਈ ਹੈ। ਇਹ ਵਿਧੀ ਉਹ ਆਪਣੀਆਂ ਕਹਾਣੀਆਂ ਵਿਚ ਤਾਂ ਕਦੋਂ ਦਾ ਵਰਤ ਰਿਹਾ ਹੈ। ਵਿਰਦੀ ਦਾ ਇਹੋ ਜਿਹਾ ਸਾਦਗੀ ਵਿਚ ਨਵੀਂ ਨਵੀਂ ਸਾਦਗੀ ਤੇ ਸੁੰਦਰ ਕਟਾਖਸ਼ ਸਿਰਜਨ ਵਾਲਾ ਵਾਰਤਾਲਾਪ ਉਸ ਦੀ ਨਾਟਕੀ ਪ੍ਰਤਿਭਾ, ਪਾਰਦਰਸ਼ੀ-ਦੂਰਦਰਸ਼ੀ ਦਿਸਦੀ, ਤੀਖਣ ਅਵਲੋਕਨ ਸ਼ਕਤੀ, ਸ਼ਬਦਾਂ ਨੂੰ ਅਰਥਾਂ ਦੇ ਸੰਦਰਭ ਵਿਚ ਵਰਤਨ ਦੀ ਜੁਗਤੀ ਤੇ ਮਨੁਖੀ ਸੁਭਾਅ ਨੂੰ ਸੁਹਿਰਦਤਾ ਨਾਲ ਸਮਝਣ ਦੀ ਸਮਰੱਥਾ ਦੇ ਸਮੇਲ ਚੋਂ ਸਹਿਜ ਸੁਭਾਅ ਜਨਮਦਾ ਹੈ। ਇਸ ਕਰਕੇ ਉਸ ਦੇ ਨਾਵਲ ਵਿਚ ਨਵੀਆਂ ਸੁਭਾਵਨਾਵਾਂ ਪੈਦਾ ਹੋ ਜਾਂਦੀਆਂ ਹਨ ਤੇ ਸਾਡੇ ਅਜ ਦੇ ਜੀਵਨ ਦੀਆਂ ਸਾਰੀਆਂ ਗੁੱਪਤ ਰੁਚੀਆਂ, ਕੁਟਲਨੀਤੀਆਂ ਤੇ ਵਧੀਕੀਆਂ ਤੋਂ ਪਰਦਾ ਸਹਿਜ ਸੁਭਾਅ ਉਠਦਾ ਜਾਂਦਾ ਹੈ। ਭਾਵ ਗਲ ਵਿਚ ਗਲ, ਘਟਨਾਂ ਚੋਂ ਘਟਨਾ ਤੇ ਕਾਰਜ ਵਿਚੋਂ ਪ੍ਰਤਿਕਾਰਜ ਉਪਜਦਾ ਜਾਂਦਾ ਹੈ ਤੇ ਸਭ ਮਖੌਟੇ, ਪਰਦੇ, ਪਊਡਰ, ਅੰਡੰਬਰ; ਪਹਿਰਾਵੇ, ਤਹਿਖਾਣੇ ਪਾਟਦੇ ਜਾਂਦੇ ਹਨ। ਹਰ ਕਲਾਕਾਰ, ਆਧੁਨਿਕ ਮਾਡਰਨ ਲਿਖਾਰੀ, ਕਰਮਚਾਰੀ, ਨੌਕਰ, ਅਫਸਰ, ਮਾਲਕ ਅਲਫ ਨੰਗਾ ਹੁੰਦਾ ਜਾਂਦਾ ਹੈ। ਇਹ ਵਿਰਦੀ ਦੀ ਖਾਸ ਪ੍ਰਾਪਤੀ ਹੈ। ਉਹ ਗਲਪ-ਵਿੱਧਾ ਤੇ ਨਾਟਕ-ਵਿਧ ਦਾ ਕਲਾਤਮਕ ਸ਼ਿਲਪ ਨਾਲ ਸੰਜੋਗ ਕਰਦਾ ਜਾਪਦਾ ਹੈ।

ਜਸਵੰਤ ਸਿੰਘ ਵਿਰਦੀ ਦੀ ਇਹ ਨਵੀਂ ਨਾਟਕੀ ਗਲਪ ਵਿਧੀ ਉਸ ਨੂੰ ਗੁਰਦਿਆਲ ਸਿੰਘ, ਜਸਵੰਤ ਸਿੰਘ ਕੰਵਲ, ਸੋਹਨ ਸਿੰਘ ਸੀਤਲ ਤੇ ਨਰਿੰਦਰ ਪਾਲ ਸਿੰਘ ਨਾਲੋਂ ਬਿਲਕੁਲ ਵਿਲਖਣ ਨਾਵਲਕਾਰ ਬਣਾ ਦਿੰਦੀ ਹੈ। ਗੁਰਦਿਆਲ ਸਿੰਘ, ਜਸਵੰਤ ਸਿੰਘ ਕੰਵਲ ਤੇ ਸੋਹਨ ਸਿੰਘ ਸੀਤਲ ਜਿਥੇ ਖਾਸ ਸੀਮਤ ਘੇਰੇ ਵਿਚ ਖਾਸ ਪਾਤਰਾਂ ਦੀਆਂ ਖਾਸ ਸਮਸਿਆਵਾਂ ਨੂੰ ਯਥਾਰਥਵਾਦੀ ਤੇ ਸੁਧਾਰਵਾਦੀ ਢੰਗ ਨਾਲ ਭੂਗੋਲਿਕ ਖੰਡ ਦੀ ਉਪਭਾਸ਼ਾ ਰਾਹੀਂ ਅਭਿਵਿਅਕਤ ਕਰਦੇ ਹਨ ਤੇ ਨਰਿੰਦਰਪਾਲ ਸਿੰਘ ਆਉਣ ਵਾਲੇ ਟੈਕਨੌਲੋਜੀ ਯੁਗ ਨਾਲ ਸਮੁੱਚੇ ਬ੍ਰਹਿਮੰਡ ਵਿਚ ਮਾਨਵ ਜਾਤੀ ਉਤੇ ਵਾਪਰਨ ਵਾਲੇ ਘਾਤਕ ਸੰਕਟ ਦਾ ਕਲਾਤਮਕ ਸੰਕੇਤ ਕਰਦਾ ਹੈ, ਉਥੇ ਵਿਰਦੀ ਆਪਣੀ ਨਵੀਂ ਵਿਧੀ ਨਾਲ ਮੁਖ ਪਾਤਰ ਦੀ ਸਵੈ ਜੀਵਨੀ ਰਾਹੀਂ ਆਪਣੇ ਦੇਸ਼ ਤੇ ਮਹਾਂ ਨਗਰ ਦੀਆਂ ਰੱਗਾਂ ਵਿਚ ਪੈਦਾ ਹੋਈ ਹਰ ਭਾਂਤ ਦੀ ਮਾਨਵ-ਘਾਤੀ ਜ਼ਹਿਰ ਬਹੁਤ ਦਲੇਰੀ ਨਾਲ ਬੜੇ ਤਰਕਵਾਦੀ ਤੇ ਯਥਾਰਥਵਾਦੀ ਢੰਗ ਨਾਲ ਪਾਠਕ ਦੇ ਦ੍ਰਿਸ਼ਟੀ ਗੋਚਰ ਕਰਦਾ ਹੈ।

ਵਿਰਦੀ ਨੇ ਸੁਚੀ ਕਿਰਤ ਦੇ ਜ਼ਿੰਦਗੀ ਜੀਵਨ ਪ੍ਰਤੀਕ



Sri Satguru Jagjit Singh Ji Elibrary NamdhariElibrary@gmail.com

ਰਾਧੇ ਸ਼ਿਆਮ ਨੂੰ, ਸਮੇਂ ਦੇ ਕਾਨੂੰਨ, ਸਮਾਜ, ਧਰਮ, ਇਨਸਾਫ, ਪੁਲੀਸ, ਅਫ਼ਸਰ ਤੇ ਅਦਾਲਤ ਆਦਿ ਨੇ ਬੇਕਾਰ ਕਰਕੇ, ਉਸ ਦੇ ਸੁਚੇ ਆਦਰਸ਼ ਨੂੰ ਗੁਨਾਹ ਬਣਾਕੇ ਕਿਵੇਂ ਭੁਖੇ ਨੂੰ ਨੰਗੀ ਪੈਨੀ ਜ਼ਿੰਦਗੀ ਦੇ ਘਾਤਕ ਤਿਖੇ ਕੰਡਿਆਂ ਤੇ ਘਸੀਟ ਕੇ ਢ ਈਆਂ ਤਿੰਨਾਂ ਦਿਨਾਂ ਵਿਚ ਉਸ ਦੀ ਮੁਖਿਆਈ ਫੜਕੇ ਨਿਰਜਿੰਦ ਤਰਕ ਰਹਿਤ ਪੁਰਜਾ ਬਣਾ ਦਿਤਾ ਹੈ ਬਹੁਤ ਵਧੀਆ ਜੁਗਤੀ ਨਾਲ ਅਭਿਵਿਅਕਤ ਕੀਤਾ ਹੈ।

ਰਾਧੇ ਸ਼ਿਆਮ (ਘੁਲੂ ਬਸਤੀ ਨੇ ਜਲੰਧਰ ਦਾ ਜਮਪਲ ਪ੍ਰੇਮ ਨਗਰ ਦਿਲੀ ਦਾ ਰਹਿਣ ਵਾਲਾ) ਰਾਇ ਸਾਹਿਬ ਐਂਡ ਸਨਜ਼ ਜਿਥੇ ਨਕਲੀ ਸ਼ਰਾਬ ਤੇ ਨਕਲੀ ਦੁਆਈਆਂ ਬਣਦੀਆਂ ਹੱਨ ਵਿਚ ਬਹੁਤ ਸਫਲ ਸਟੈਨੋਗਰਾਫਰ ਹੈ। ਤੇ ਆਪਣੇ ਟਾਈਪ ਦੇ ਕੰਮ ਵਿਚ ਬਹੁਤ ਹੁਸ਼ਿਆਰ ਹੈ। ਉਸ ਦੇ ਅਫਸਰ ਨੂੰ ਦਫਤਰ ਵਿਚ ਕੁਰਸੀ ਤੇ ਬੈਠ ਕੇ ਸੌਣ ਦੀ ਆਦਤ ਹੈ। ਇਉਂ ਕਰਨ ਨਾਲ ਉਸ ਦੀ ਆਪਣੀ ਕੁਰਸੀ ਟੁੱਟ ਜਾਂਦੀ ਹੈ ਤੇ ਉਹ ਆਪਣੀ ਕੁਰਸੀ ਰਾਧੇ ਸ਼ਿਆਮ ਦੀ ਕੁਰਸੀ ਨਾਲ ਵਟਾ ਲੈਂਦਾ ਹੈ। ਰਾਧੇ ਸ਼ਿਆਮ ਉਸ ਨੂੰ ਜਗਾਉਣ ਲਈ ਉਸ ਦੀ ਮੇਜ ਤੋਂ ਉਸ ਦੀ ਘੰਟੀ ਚੁਕ ਕੇ ਆਪਣੀ ਮੇਜ਼ ਤੇ ਰਖ ਲੈਂਦਾ ਹੈ ਤੇ ਜਦ ਅਫਸਰ ਸੌਂਦਾ ਹੈ ਤਾਂ ਵਜਾ ਦਿੰਦਾ ਹੈ।

ਇਕ ਦਿਨ ਢਾਈ ਵਜੇ ਲਉਡੇ ਪਹਿਰ ਉਹ ਟਾਈਪ ਕਰ ਰਿਹਾ ਹੁੰਦਾ ਹੈ। ਅਫਸਰ ਉਤੋਂ ਆ ਜਾਂਦਾ ਹੈ। ਆਪਣੀ ਘੰਟੀ ਉਸ ਦੀ ਮੇਜ ਤੇ ਪਈ ਵੇਖ ਕੇ ਖਿਝ ਜਾਂਦਾ ਹੈ ਤੇ ਰਾਧੇ ਸ਼ਿਆਮ ਨੂੰ ਨੌਕਰੀ ਤੋਂ ਸਦਾ ਲਈ ਜੁਆਬ ਦੇ ਦਿੰਦਾ ਹੈ। ਰਾਧੇ ਸ਼ਿਆਮ ਉਡੀਕਦਾ ਰਹਿੰਦਾ ਹੈ ਕਿ ਸ਼ਾਇਦ ਉਸ ਦਾ ਬੋਸ ਉਸ ਨੂੰ ਆਵਾਜ਼ ਮਾਰ ਲਵੇ। ਨਾ ਉਹ ਆਵਾਜ਼ ਮਾਰਦਾ ਹੈ ਤੇ ਨਾ ਇਹ ਮੁਆਫੀ ਮੰਗਦਾ ਹੈ। ਦਫਤਰ ਤੋਂ ਨਿਕਲ ਕੇ ਬੀਮਾਰ ਤੇ ਪਾਗਲਾਂ ਵਾਂਗ ਸੜਕਾਂ ਤੇ ਘੁਮਣ ਲਗ ਪੈਂਦਾ ਹੈ। ਲੋਕ ਉਸ ਨੂੰ ਪਾਗਲ ਤੇ ਬੀਮਾਰ ਸਮਝਕੇ ਹਸਪਤਾਲ ਜਾਣ ਵਾਲੀ ਬਸ ਦੀ ਥਾਂ ਕੁਤਬ ਮੀਨਾਰ ਜਾਣ ਵਾਲੀ ਬਸ ਚੜ੍ਹਾ ਦਿੰਦੇ ਹਨ। ਬਸ ਵਿਚ ਬੜੀ ਭੀੜ ਹੈ। ਇਕ ਸੇਠ ਜੋ ਬਸ ਵਿਚ ਖੜਾ ਹੈ, ਰਾਧੇ ਸ਼ਿਆਮ ਨੂੰ ਬੇਕਾਰ ਵੇਖਕੇ ਕਹਿੰਦਾ ਹੈ 'ਜੇ ਕੋਈ ਹੋਰ ਕੰਮ ਨਹੀਂ', ਤਾਂ ਲੋਕਾਂ ਦੀਆਂ ਜੇਬਾਂ ਕਟ, ਕਿਉਂਕਿ ਲੋਕ ਰਾਜ ਵਿਚ ਸਭ ਇਕ ਦੂਜੇ ਦੀਆਂ ਜੇਬਾਂ ਕਟਦੇ ਹਨ। ਲੋਕ ਰਾਜ ਵਿਚ ਬੇਕਾਰ ਰਹਿਣਾ ਪਾਪ ਏ ਰਾਧੇ ਸ਼ਿਆਮ ਜੋ ਖਾਲੀ ਜੇਬ ਘਰ ਨਹੀਂ ਜਾਣਾ ਚਾਹੁੰਦਾ। ਸੇਠ ਦੇ ਇਸ ਸਿਧਾਂਤ ਤੇ ਕਿ ਜੇਬ ਕਟਣਾ ਵੀ ਇਕ ਕੰਮ ਹੈ। ਸੇਠ ਦੀ ਹੀ ਜੇਬ ਕਟ ਲੈਂਦਾ ਹੈ ਤੇ ਬਸ ਵਿਚੋਂ ਉਤਰ ਜਾਂਦਾ ਹੈ। ਕੱਟੀ ਜੇਬ ਦੇ ਮਾਲ ਵਿਚੋਂ ਸਤ ਰੁਪਏ, ਦੋ ਸਿਰ ਦਰਦ ਦੇ ਨੁਸਖੇ ਤੇ ਗਾਲਿਬ ਦੇ ਛਪੇ ਸ਼ੇਅਰਾਂ ਵਿਚ ਲਪੇਟੀ ਐਨਾਸੀਨ ਦੀ ਗੋਲੀ ਨਿਕਲਦੇ ਹਨ। ਸੇਠ ਦੀ ਜੇਬ ਚੋਂ ਐਨੀ ਥੋੜੀ ਪੂੰਜੀ ਲਭਣ ਤੇ ਬਹੁਤ ਨਿਰਾਸ਼ ਹੁੰਦਾ ਹੈ। ਉਹ ਚੋਰੀ ਕਰਕੇ ਪਛਤਾਉਂਦਾ ਹੈ। ਸੇਠ ਨੂੰ ਪੈਸੇ ਵਾਪਸ ਕਰਨ ਬਾਰੇ ਸੋਚਦਾ ਹੈ। ਪਰ ਉਹ ਹੁਣ ਸੇਠ ਨੂੰ ਲਭ ਨਹੀਂ ਸਕਦਾ ਹੈ। ਉਹ ਮਨ ਤੋਂ ਭਾਰ ਲਾਹੁਣ ਲਈ 'ਡੇਲੀ ਮਾਰਨਿੰਗ' ਦੇ ਦਫਤਰ ਰਸਤੋਗੀ ਕੋਲ ਜਾਂਦਾ ਹੈ ਤੇ ਇਹ ਖਬਰ ਛਾਪਣ ਲਈ ਕਹਿੰਦਾ ਹੈ 'ਗਲਤੀ ਨਾਲ ਮੈਥੋਂ ਜੇਬ ਕਟੀ ਗਈ ਹੈ। ਮੈਂ ਜੇਬ ਵਿਚਲਾ ਸਾਰਾ ਮਾਲ ਆਪਣੇ ਕੋਲ ਨਹੀਂ ਰਖਣਾ ਚਾਹੁੰਦਾ, ਜਿਸ ਦੀ ਵੀ ਅਜ ਜੇਬ ਕਟੀ ਗਈ ਹੈ। ਉਹ ਮਾਲ ਮਤੇ ਦਾ ਵੇਰਵਾ ਲਿਖ ਭੇਜੇ, ਮਾਲਦਾਰ ਕੋਲ ਬੜੀ ਵਡੀ ਈਮਾਨਦਾਰੀ ਨਾਲ ਬਿਨਾਂ ਧੰਨਵਾਦ ਕਬੂਲ ਕਰਨ ਦੇ ਮਾਲ ਪਹੁੰਚਾ ਦਿਤਾ ਜਾਵੇਗਾ ਉਹ ਭਟਕਦਾ ਘਰ ਪੁਜਦਾ ਹੈ।

ਖਬਰ ਛਪ ਜਾਂਦੀ ਹੈ ਤੇ ਉਸ ਨੂੰ ਇਕ ਸੌ ਉਨੱਤੀ ਚਿਠੀਆਂ ਤੇ ਤਾਰਾਂ ਆਂਉਦੀਆਂ ਹਨ ਤੇ ਚਿਠੀਆਂ ਵਿਚ ਮੇਰਾ ਵਿਦੇਸ਼ੀ ਮੁਦਰਾ ਦਾ ਚੈਕ ਜੇਬ ਚੋਂ ਕਢਿਆ ਗਿਆ ਹੈ, ਮੇਰੀ ਜੇਬ ਵਿਚੋਂ ਸਿਗਰਟ ਕੇਸ ਕਢਿਆ ਗਿਆ ਹੈ। ਜਿਸ ਵਿਚ ਤਿੰਨ ਸੋਨੇ ਦੀਆਂ ਸਿਗਰਟਾਂ ਸਨ। ਮੇਰਾ ਬਲੇਡ ਬਣਾਉਣ ਵਾਲਾ ਜਾਹਲੀ ਲਾਈਸੈਂਸ ਗੁਮ ਗਿਆ ਹੈ। ਮੇਰੇ ਆਸ਼ਕ ਦਾ ਰੁਮਾਲ ਗੁਆਚ ਗਿਆ, ਮੇਰੀ ਮਹਿਬੂਬਾ ਦੇ ਤਵੀਤਾਂ ਵਿਚ ਮੜ੍ਹੇ ਖਤ ਚੋਰੀ ਹੋ ਗਏ ਹਨ। ਹੈਡਮਾਸਟਰ ਨੂੰ ਵਢੀ ਖੁਆ ਕੇ ਉਸ ਤੋਂ ਲਿਆ ਆਰਡਰ ਗੁਆਚ ਗਿਆ ਹੈ, ਮੇਰਾ ਵਧੀਆ ਲੂਪ ਕਿਸੇ ਖਿਸਕਾ ਲਿਆ ਹੈ। ਲਿਖਾਰੀ ਨਾਲ ਕੀਤਾ ਕੰਨਟਰੈਕਟ ਤੁਸੀ ਕੱਢ ਲਿਆ ਹੈ। ਮੈਂ ਵਧੀਆ ਜੇਬ ਕਤਰਾਂ ਹਾਂ ਤੂੰ ਮੈਥੋਂ ਵੀ ਉਸਤਾਦ ਨਿਕਲਿਆ ਹੈਂ। ਅਸੀਂ ਆਪਣੀ ਜੇਬ ਕਤਰਿਆਂ ਦੀ ਸਭਾ ਵਲੋਂ ਆਪਦਾ ਸਨਮਾਨ ਕਰਨਾ ਚਾਹੁੰਦੇ ਹਾਂ, ਆਦਿ ਬਹੁਤ ਕੁਝ ਅਜੀਬੋ ਗਰੀਬ ਲਿਖਿਆ ਹੋਇਆ ਸੀ, ਜੋ ਲੋਕਾਂ ਦੇ



Sri Satguru Jagjit Singh Ji Elibrary NamdhariElibrary@gmail.com

ਵੱਖ ਵੱਖ ਕਾਲੇ ਧੰਦੇ ਤੇ ਕਾਮ ਉਲਾਰਾਂ ਅਤੇ ਵੱਖ ਵੱਖ ਢੰਗ ਦੇ ਜਾਹਲੀ ਸਫਾਰਸ਼ੀ ਤੌਰ ਤਰੀਕਿਆਂ ਦੀ ਸੁਧ ਤਸਵੀਰ ਪੇਸ਼ ਕਰਦਾ ਸੀ। ਰਾਧੇ ਸ਼ਿਆਮ ਚਿਠੀਆਂ ਪੜ੍ਹਦਾ ਹਾਰ ਜਾਂਦਾ ਹੈ, ਪਰ ਜਿਸ ਚਿਠੀ ਨੂੰ ਭਾਵ ਸੇਠ ਦੀ ਚਿਠੀ ਨੂੰ ਉਡੀਕਦਾ ਹੈ ਉਹ ਨਹੀਂ ਆਉਂਦੀ ਹੈ। ਉਸ ਸੇਠ ਦੇ ਪੈਸੇ ਝਟਪਟ ਵਾਪਸ ਕਰਕੇ ਆਪਣੀ ਜ਼ਮੀਰ ਤੋਂ ਭਾਰ ਲਾਹੁਣਾ ਚਾਹੁੰਦਾ ਹੈ, ਪਰ ਹੋਰ ਮੁਸੀਬਤਾਂ ਵਿਚ ਫਸਦਾ ਹੈ। ਉਹ ਸਾਰੀਆਂ ਚਿਠੀਆਂ 'ਡੇਲੀ ਮਾਰਨਿੰਗ' ਨੂੰ ਦੇ ਦਿੰਦਾ ਹੈ ਤੇ ਉਹ ਸਾਰੀਆਂ ਚਿੱਠੀਆਂ ਰਾਧੇ ਸ਼ਿਆਮ ਦੀ ਤਸਵੀਰ ਨਾਲ ਛਾਪ ਦਿੰਦੇ ਹਨ। ਚਿਠੀਆਂ ਪੜ੍ਹ ਕੇ ਪੁਲੀਸ ਤੇ ਸੀ. ਆਈ. ਡੀ ਨੂੰ ਪੱਕਾ ਨਿਸਚਾ ਹੋ ਜਾਂਦਾ ਹੈ ਕਿ ਉਹ ਬਹੁਤ ਵੱਡਾ ਜੇਬ ਕਤਰਾ ਹੈ। ਪੁਲੀਸ ਦੀ ਵੈਨ ਆ ਜਾਂਦੀ ਹੈ ਜਿਸ ਵਿਚ ਇੰਨਸਪੈਕਟਰ, ਹਵਾਲਦਾਰ, ਪੰਜ ਬੰਦੂਕੀਏ ਬੈਠੇ ਹਨ। ਗੁਆਂਢੀ ਰਾਧੇ ਸ਼ਿਆਮ ਨੂੰ ਕਹਿੰਦਾ ਹੈ ਕਿ ਅੱਧਾ ਮਾਲ ਇਨ੍ਹਾਂ ਪੁਲਸੀਆਂ ਦੇ ਮਥੇ ਮਾਰ ਕੇ ਆਪਣੀ ਜਾਨ ਬਚਾ ਪਰ ਉਸ ਕੋਲ ਤਾਂ ਕੁਲ ਸਤ ਰੁਪਏ ਹਨ ਤੇ ਉਹ ਵੀ ਉਹ ਸੇਠ ਨੂੰ ਵਾਪਸ ਕਰਨਾ ਚਾਹੁੰਦਾ ਹੈ। ਪੁਲੀਸ ਉਸ ਨੂੰ ਬਿਨਾ ਕਸੂਰ ਦਸਿਆਂ ਵਡਾ ਜੇਬ ਕਤਰਾ ਸਮਝਕੇ ਵੈਨ ਵਿਚ ਬਿਠਾ ਕੇ ਲੈ ਜਾਂਦੀ ਹੈ। ਸੈਂਸੀ ਵੈਨ ਰੋਕ ਕੇ ਵਿਚ ਸ਼ਰਾਬ ਦੇ ਭਰੇ ਮਟਦੇ ਰਖ ਦਿੰਦੇ ਹਨ ਰਾਹ ਵਿਚ ਰਾਇ ਸਾਹਿਬ ਐਂਡ ਸਨਜ਼ ਦੀ ਫੈਕਟਰੀ ਆਉਂਦੀ ਹੈ। ਰਾਧੇ ਸ਼ਿਆਮ ਉਸ ਵਿਚ ਬਣਦੀਆਂ ਨਕਲੀ ਦੁਆਈਆਂ ਬਾਰੇ ਦਸਣਾ ਚਾਹੁੰਦਾ ਹੈ, ਪਰ ਇੰਨਸਪੈਕਟਰ 'ਇਹ ਸਰਕਾਰੀ ਹੈ' ਕਹਿ ਕੇ ਚੁਪ ਕਰਾ ਦਿੰਦਾ ਹੈ। ਇੰਨਸਪੈਕਟਰ ਰਾਧੇ ਸ਼ਿਆਮ ਨੂੰ ਸਜ਼ਾ ਤੋਂ ਡਰਾਕੇ ਉਸ ਦੀ ਖੁਆਹਸ਼ ਪੁਛਦਾ ਹੈ। ਉਹ ਕਾਫੀ ਹਊਸ ਜਾਣ ਦੀ ਚਾਹ ਪ੍ਰਗਟ ਕਰਦਾ ਹੈ।

ਪੁਲੀਸ ਵਾਲੇ ਉਸ ਨੂੰ ਕਾਫੀ ਹਊਸ ਲੈ ਜਾਂਦੇ ਹਨ : ਉਥੇ ਉਹ ਸਾਰੇ ਆਰਟਿਸਟ, ਸਤੀਸ਼ ਕਵੀ ਰਾਜੇ ਭਾਟੇ, ਜਨਰਲਿਸਟ ਜੋਤੀ, ਆਰਟਿਸਟ ਮਣਕਾ, ਕਹਾਣੀਕਾਰ ਟੂਟਣਾ ਆਦਿ ਜਿਹੜੇ ਕਿਸੇ ਨਾ ਕਿਸੇ ਢੰਗ ਨਾਲ ਜਾਹਲੀ ਦਵਾਈਆਂ ਬਣਾਉਣ ਵਾਲੀ ਫੈਕਟਰੀ ਜਾਂ, ਜਾਹਲੀ ਲੇਬਲ ਛਾਪਣ ਵਾਲੀ ਪ੍ਰੈਸ ਨਾਲ ਸੰਬੰਧਤ ਹਨ, ਪੁਠੀਆਂ ਸਿਧੀਆਂ ਗਲਾਂ ਕਰਦੇ ਹਨ। ਇਨ੍ਹਾਂ ਸਾਰਿਆਂ ਨੇ ਪਾਰਦਰਸ਼ੀ ਅਜੀਬ ਮੁਖੌਟੇ ਪਾਏ ਹੋਏ ਹਨ। ਸਤੀਸ਼ ਆਪਣੇ ਬੱਚੇ ਦੇ ਖੂਨ ਦੇ ਤੁਪਕੇ ਕਾਫੀ ਦੇ ਕਪਾਂ ਵਿਚ ਪਾਕੇ ਆਪਣੇ ਯਾਰਾਂ ਨੂੰ ਪਿਲਾਉਂਦਾ ਹੈ (ਮੈਨੂੰ ਇਹ ਖੂਨ ਵਾਲੀ ਗਲ ਨਹੀਂ ਸਮਝ ਆਈ ਕਿ ਸਤੀਸ਼ ਆਪਣੇ ਬੱਚੇ ਦਾ ਖੂਨ ਕਿਉਂ ਲਿਆਇਆ ਹੈ। ਕਿਉਂ ਯਾਰਾਂ ਨੂੰ ਪਿਲਾਇਆ ਹੈ। ਉਨ੍ਹਾਂ ਨੇ ਕਾਫੀ ਵਿਚ ਲਹੂ ਦੇ ਤੁਪਕੇ ਪਾਕੇ ਕਿਉਂ ਕਾਫੀ ਪੀਤੀ ਹੈ, ਕਾਹਦਾ ਪ੍ਰਤੀਕ ਹੈ) ਇਨ੍ਹਾਂ ਕਲਾਕਾਰਾਂ ਕੋਲ ਬਿਲ ਤਾਰਨ ਲਈ ਪੈਸੇ ਨਹੀਂ ਹਨ ਇਸ ਲਈ ਘਬਰਾਉਂਦੇ ਹਨ। ਪੁਲੀਸ ਵਾਲੇ ਰਾਧੇ ਸ਼ਿਆਮ ਨੂੰ ਕੈਬਰਾ ਨਾਚ ਘਰ ਵਿਚ ਲੈ ਜਾਂਦੇ ਹਨ, ਜਿਥੇ ਪੁਲੀਸ ਲਈ ਪਹਿਲਾਂ ਹੀ ਰਾਖਵੀਆਂ ਸੀਟਾਂ ਰਖੀਆਂ ਹੋਈਆਂ ਹਨ। ਕੈਬਰਾ ਨਾਚ ਹੁੰਦਾ ਹੈ। ਇੰਨਸਪੈਕਟਰ ਹੌਲਦਾਰ ਕੋਲੋਂ ਦਸ ਰੁਪਏ ਨਾਚੀ ਨੂੰ ਦਿੰਦਾ ਹੈ ਮੈਨੇਜਰ ਵਾਪਸ ਕਰਾ ਦਿੰਦਾ ਹੈ ਤੇ ਇੰਨਸਪੈਕਟਰ ਨੂੰ ਮੋੜਨ ਦੀ ਥਾਂ ਆਪਣੀ ਜੇਬ ਵਿਚ ਪਾ ਲੈਂਦਾ ਹੈ। ਬੁਢੇ ਜੱਜ ਨਚਾਰ ਕੁੜੀ ਨੂੰ ਫੜਨ ਦਾ ਯਤਨ ਕਰਦੇ ਹਨ। ਵਿਦਿਆਰਥੀ ਤੇ ਵਿਦਿਆਰਥਣਾਂ ਕੈਬਰੇ ਨਾਚ ਕਰਨ ਦੀ ਖੁਲ੍ਹ ਤੇ ਹੱਕ ਮੰਗਦੇ ਹਨ। ਵੈਨ ਰਾਧੇ ਸ਼ਿਆਮ ਨੂੰ ਉਥੋਂ ਲੈ ਕੇ ਜਾਂਦੀ ਹੈ। ਰਾਹ ਵਿਚ ਬਾਗੜੀਆਂ ਦੀਆਂ ਝੁਗੀਆਂ ਆਉਂਦੀਆਂ ਹਨ। ਕਿਰਤੀ ਕੰਮ ਤੋਂ ਵਿਹਲੇ ਹੋ ਕੇ ਆ ਰਹੇ ਹਨ। ਪੁਲੀਸ ਉਨ੍ਹਾਂ ਨੂੰ ਸ਼ਹਿਰ ਦਾ ਅਮਨ ਭੰਗ ਕਰਨ ਵਾਲੇ ਕਹਿਕੇ ਉਨ੍ਹਾਂ ਦੀ ਇਕ ਝੁਗੀ ਨੂੰ ਅਗ ਲਾ ਦਿੰਦੇ ਹਨ ਤੇ ਬਾਕੀ ਝੁਗੀਆਂ ਕਲ ਨੂੰ ਸਾੜਨ ਦਾ ਹੁਕਮ ਸੁਨਾਉਂਦੇ ਹਨ। ਵੈਨ ਦੇ ਥਲੇ ਆਕੇ ਇਕ ਆਦਮੀ ਮਰ ਜਾਂਦਾ ਹੈ। ਜਾਸੂਸੀ ਨਾਵਲ ਪੜ੍ਹਨ ਵਾਲਾ ਖੁਸ਼ੀ ਰਾਮ ਬੰਦੂਕੀਆ ਆਪਣੇ ਸਾਥੀ ਹਿਰਦੇ ਰਾਮ ਨੂੰ ਗੋਲੀ ਮਾਰਕੇ ਵੈਨ ਦੇ ਅੰਦਰ ਹੀ ਮਾਰ ਦਿੰਦਾ ਹੈ। ਕੋਤਵਾਲੀ ਪੁਜ ਕੇ ਇੰਨਸਪੈਕਟਰ ਡੀ. ਐਸ. ਪੀ. ਕੋਹਲੀ ਦੇ ਅੱਗੇ ਪੇਸ਼ ਕਰਦੇ ਹਨ। ਸੀਤਾ ਰਾਮ ਕੋਹਲੀ (ਰੁਲਦੂ) ਰਾਧੇ ਸ਼ਿਆਮ ਦਾ ਲੰਗੋਟੀਆ ਹੈ। ਉਹ ਰਾਧੇ ਸ਼ਿਆਮ ਦੀ ਬੜੀ ਸੇਵਾ ਕਰਦਾ ਹੈ ਪਰ ਜੇਬ ਦੇ ਪੈਸਿਆ ਨਾਲ ਨਹੀਂ ਸਗੋਂ ਲੋਕਾਂ ਤੋਂ ਲਈ ਸ਼ਰਾਬ ਨਾਲ ਤੇ ਮਾਲ ਨਾਲ। ਰਾਧੇ ਸ਼ਿਆਮ ਮਹਿਸੂਸ ਕਰਦਾ ਹੈ ਕਿ ਉਹ ਜੇਬ ਕਤਰਾ ਨਹੀਂ ਭਾਵੇਂ ਉਸ ਨੂੰ ਵਡਾ ਜੇਬ ਕਤਰਾ ਸਮਝਿਆ ਜਾ ਰਿਹਾ ਹੈ ਤੇ ਵੱਡਾ ਜੇਬ ਕਤਰਾ ਉਸ ਦਾ ਯਾਰ ਕੋਹਲੀ ਹੈ ਜੋ ਪੁਲੀਸ



Sri Satguru Jagjit Singh Ji Elibrary NamdhariElibrary@gmail.com

ਦੀ ਵਰਦੀ ਵਿਚ ਹਰ ਇਕ ਦੀ ਜ਼ੇਬ ਕਟ ਸਕਦਾ ਹੈ। ਕੋਹਲੀ ਰਾਧੇ ਸ਼ਿਆਮ ਨੂੰ ਕਹਿੰਦਾ ਕਿ ਉਹ ਉਸ ਨੂੰ ਬਚਾ ਨਹੀਂ ਸਕਦਾ ਹੈ, ਪਰ ਆਪਣੇ ਸਾਥੀ ਖੂਨੀ ਖੁਸ਼ੀ ਰਾਮ ਨੂੰ ਬਚਾਉਣ ਲਈ ਇੰਸਪੈਕਟਰ ਤੋਂ ਰੀਪੋਰਟ ਲਿਖਵਾ ਲੈਂਦਾ ਹੈ ਕਿ ਹਿਰਦੇ ਰਾਮ ਮੁਕਾਬਲੇ ਵਿਚ ਮਾਰਿਆ ਗਿਆ ਹੈ। ਵੱਡਾ ਜੇਬ ਕਤਰਾ ਕੋਹਲੀ ਖੂਨੀ ਨੂੰ ਤਾਂ ਬਚਾਉਣਾ ਜ਼ਰੂਰੀ ਸਮਝਦਾ ਹੈ ਪਰ ਆਪਣੇ ਨਿਰਦੋਸ਼ ਸਾਥੀ ਨੂੰ ਬਚਾਉਣ ਦੀ ਅਸਮਰਥਾ ਦਸਦਾ ਹੈ ਕਿਉਂ ਕਿ ਉਸ ਦੇ ਮਹਿਕਮੇ ਨੇ ਨਿਰਦੋਸ਼ਾਂ ਨੂੰ ਫਸਾਕੇ ਤਾਂ ਤਰਕੀਆਂ ਲੈਣੀਆਂ ਹਨ।

ਰਾਧੇ ਸ਼ਿਆਮ ਨੂੰ ਫੇਰ ਕੋਤਵਾਲੀ ਲਿਆਉਂਦੇ ਹਨ। ਇਕ ਬੰਦੂਕੀਆ ਰਾਧੇ ਸ਼ਿਆਮ ਨੂੰ ਇਕ ਕਮਰੇ ਵਿਚ ਲੈ ਕੇ ਜਾਂਦਾ ਹੈ, ਉਥੇ ਕਾਫੀ ਹਾਊਸ ਵਾਲੇ ਸਾਰੇ ਮਾਰਡਨ ਲਿਖਾਰੀ ਤੇ ਆਰਟਿਸਟ ਹਵਾਲਾਟ ਵਿਚ ਹਨ ਕਿਉਂਕਿ ਰਾਤੀਂ ਉਨ੍ਹਾਂ ਨੇ ਕਾਫੀ ਹਾਊਸ ਵਾਲਿਆਂ ਦੇ ਪੈਸੇ ਨਹੀਂ ਦਿਤੇ ਸਨ। ਉਹ ਦਸਦੇ ਹਨ। ਕਿ ਉਹ ਵੈਰੀ ਮਾਡਰਨ ਹਨ ਸਭ ਰਿਸ਼ਤੇ ਤਿਆਗ ਕੇ ਰਾਤ ਹਵਾਲਾਟ ਵਿਚ ਅਨੰਦ ਨਾਲ ਗੁਜ਼ਾਰਦੇ ਹਨ। ਉਹ ਆਪਣੇ ਕਮਰੇ ਵਿਚ ਰਾਧੇ ਸ਼ਿਆਮ ਨੂੰ ਵੜਨ ਨਹੀਂ ਦਿੰਦੇ ਹਨ। ਬੰਦੂਕੀਏ ਉਸ ਨੂੰ ਦੂਜੇ ਕਮਰੇ ਵਿਚ ਬੰਦ ਕਰਨ ਲਗਦੇ ਹਨ ਉਥੇ ਵੀ ਹਵਾਲਾਟੀਏ ਅੰਦਰ ਨਹੀਂ ਵੜਨ ਦਿੰਦੇ ਹਨ। ਅੰਤ ਬੰਦੂਕੀਆ ਰਾਧੇ ਸ਼ਿਆਮ ਨੂੰ ਇਕ ਕਮਰੇ ਵਿਚ ਬੰਦ ਕਰ ਕੇ ਚਲਾ ਜਾਂਦਾ ਹੈ। ਬਾਕੀ ਹਵਾਲਾਟੀਏ ਜੱਜ ਅੱਗੇ ਪੇਸ਼ ਨਹੀਂ ਹੋਣਾ ਚਾਹੁੰਦੇ ਹਨ, ਪਰ ਰਾਧੇ ਸ਼ਿਆਮ ਝਟ ਪਟ ਪੇਸ਼ ਹੋ ਕੇ ਰਿਹਾ ਹੋਣਾ ਚਾਹੁੰਦਾ ਹੈ। ਦੋ ਘੰਟੇ ਇਉਂ ਸੋਚਾਂ ਵਿਚ ਗੁਜ਼ਾਰ ਦਿੰਦਾ ਹੈ। ਅਖਬਾਰ ਵਿਚ ਖਬਰ ਛਪ ਜਾਂਦੀ ਹੈ 'ਇਕ ਇਤਿਹਾਸਿਕ ਤੇ ਮਿਥਿਹਾਸਕ ਜੇਬ ਕਤਰਾ ਫੜਿਆ ਗਿਆ ਹੈ। ਰਾਧੇ ਸ਼ਿਆਮ ਨੂੰ ਕਚਹਿਰੀ ਵਿਚ ਲੈ ਜਾਇਆ ਜਾਂਦਾ ਹੈ। ਸੰਪਾਦਕ, ਐਡੀਟਰ ਅਖਬਾਰਾਂ ਵਾਲੇ ਉਸ ਵਲ ਘੂਰ ਘੂਰ ਕੇ ਵੇਖਦੇ ਹਨ। ਉਸ ਤੋਂ ਅਜੀਬ ਪ੍ਰਸ਼ਨ ਪੁਛਦੇ ਹਨ। ਉਹ ਜੱਜ ਅੱਗੇ ਪੇਸ਼ ਹੁੰਦਾ ਹੈ। ਜੱਜ ਰਾਧੇ ਸ਼ਿਆਮ ਦੀ ਫਾਈਲ ਤੇ ਕੁਝ ਲਿਖ ਕੇ ਰਾਧੇ ਸ਼ਿਆਮ ਨੂੰ ਛੱਡ ਦਿੰਦਾ ਹੈ। ਪੁਲੀਸ ਉਸ ਨੂੰ ਬਾਹਰ ਨਿਕਲਨ ਤੇ ਮੁੜ ਫੜ ਲੈਂਦੀ ਹੈ। ਉਸ ਦੀ ਮੁਸਿਆਈ ਕਢ ਦਿੰਦੀ ਹੈ ਤੇ ਉਹ ਇਹ ਕਹਿੰਦਾ ਜਲੂਸ ਵਿਚ ਰਲਕੇ ਨਾਹਰੇ ਲਾਉਣ ਲਗ ਪੈਂਦਾ ਹੈ।

'ਇਕ ਪਲ ਲਈ ਮੈਂ ਨਿਰਲੇਪ ਭਾਵ ਨਾਲ ਬੋਲਿਆ' ਮੈਂ ਕੀ ਲੈਣਾ ਜੜੇ ਜਲੂਸਾਂ ਵਿਚੋਂ ਇਹ ਅਜ ਕਲ ਕੇਵਲ ਮੂੰਹ ਵਿਖਾਵੇ ਲਈ ਹੀ ਹੈ, ਪਰ ਮੈਂ ਫੇਰ ਕਾਹਲੀ ਨਾਲ ਅਗੇ ਵਧਕੇ ਜਲੂਸ ਦੀ ਭੀੜ ਵਿਚ ਸ਼ਾਮਲ ਹੋ ਗਿਆ। ਕਿਸੇ ਨੇ ਮੈਨੂੰ ਇਕ ਸਲੀਬ ਵੀ ਫੜਾ ਦਤੀ ਸੀ। ਹੋਰ ਲੋਕਾਂ ਵਾਂਗ ਮੈਂ ਵੀ ਨਾਹਰਾ ਲਾ ਰਿਹਾ ਸਾਂ :

ਮਧੂ ਸੂਦਨ ਨੂੰ ਰਿਹਾ ਕਰੋ।<br>
ਰਾਧੇ ਸ਼ਿਆਮ ਨੂੰ ਰਿਹਾ ਕਰੋ। (੨੨੦)

ਇਨ੍ਹਾਂ ਸ਼ਬਦਾਂ ਨਾਲ ਨਾਵਲ ਖਤਮ ਹੋ ਜਾਂਦੀ ਹੈ ਜਿਹੜੀ ਨਾਵਲ ਸ਼ਿਆਮ ਦੇ ਇਨ੍ਹਾਂ ਸ਼ਬਦਾਂ ਨਾਲ ਅਰੰਭ ਹੋਈ ਸੀ। 'ਮੈਂ ਟਾਈਪ ਕਰਦਿਆਂ ਅਚਾਨਕ ਹੀ ਨਜ਼ਰ ਚੁਕ ਕੇ ਉਤਾਹਾਂ ਵਲ ਤਕਿਆ ਤਾਂ ਮੇਰਾ ਬੌਸ ਮੇਰੇ ਸਿਰ ਤੇ ਖਲੋਤਾ ਸੀ ਤੇ ਮੇਰੀ ਮੇਜ਼ ਤੇ ਪਈ ਘੰਟੀ ਵਜਾ ਰਿਹਾ ਸੀ—ਜ਼ਿੰਦਗੀ ਵਿਚ ਇਸ ਤਰ੍ਹਾਂ ਦੇ ਦ੍ਰਿਸ਼ ਲਈ ਮੈਂ ਕਦੀ ਵੀ ਤਿਆਰ ਨਹੀਂ ਸੀ ਮੈਂ ਘਬਰਾ ਗਿਆ' (੯) ਨਾਵਲ ਦੇ ਅਰੰਭ ਵਿਚ ਇਕ ਵਾਕ ਵਾਲਾ ਪੈਰਾ "ਦਿਨ ਨਿਖਰਿਆ ਹੋਇਆ ਸੀ ਪਰ ਮਹਿਬੂਬ ਦੇ ਮੁਖੜੇ ਵਰਗਾ ਨਹੀਂ ਸੀ" (੯) ਨਹੀਂ ਜਚਿਆ। ਇਹ ਵਾਧੂ ਹੈ। ਏਸ ਵਾਕ ਨੇ ਤਾਂ ਪਿੜ ਬੰਨਣਾ ਸੀ ਏਸ ਵਿਚ ਮਹਿਬੂਬ ਦਾ ਸੰਕੇਤ ਨਹੀਂ ਸੀ ਆਉਣਾ ਚਾਹੀਦਾ। ਦਿਨ ਤੇ ਘੰਟੀ ਜਾਂ ਟਾਈਪ ਦਾ ਸਬੰਧ ਹੋਣਾ ਚਾਹੀਦਾ ਸੀ। ਕਹਾਣੀ ਦੀ ਗਤੀ ਵਿਚ ਅਨੋਖੀ ਤਾਲ-ਮਈ ਨਾਟਕੀਅਤ ਹੈ। ਗੁਲਾਈ ਹੈ। ਵਿਗਿਆਨਕ ਸਚਾਈ ਹੈ। ਅਜੀਬ ਉਤਸੁਕਤਾ ਭਰਪੂਰ ਰਸ ਹੈ।

ਕਦੀ ਵਾਰੀ ਇਉਂ ਵੀ ਮਹਿਸੂਸ ਹੁੰਦਾ ਹੈ ਕਿ ਰਾਧੇ ਸ਼ਿਆਮ ਨੇ ਜੋ ਆਪਣੇ ਕੰਮ ਦਾ ਆਸ਼ਕ ਹੈ ਅਫਸਰ ਦੀ ਘੰਟੀ ਚੁਕ ਕੇ ਤੇ ਘੰਟੀ ਵਜਾ ਕੇ ਅਫਸਰ ਨੂੰ ਜਗਾਉਣ ਦੀ ਗੁਸਤਾਖੀ ਕਿਉਂ ਕੀਤੀ ? ਉਸ ਨੇ ਰਾਣੀ ਨੂੰ ਅੱਗਾ ਢਕਣ ਲਈ ਕਿਉਂ ਕਿਹਾ ? ਉਸ ਨੂੰ ਇਸ ਗੁਸਤਾਖੀ ਦੀ ਸਜ਼ਾ ਮਿਲਣੀ ਹੀ ਚਾਹੀਦੀ ਸੀ ਪਰ ਰਤਾ ਕੁ ਵਿਚਾਰਨ ਨਾਲ ਇਹ ਸਪਸ਼ਟ ਹੋ ਜਾਂਦਾ ਹੈ ਕਿ ਰਾਧੇ ਸ਼ਿਆਮ ਨੇ ਆਪਣੀ ਵਫਾਦਾਰੀ ਨੂੰ ਮੁਖ ਰਖ ਕੇ ਅਫਸਰ ਨੂੰ ਸਾਵਧਾਨ ਕਰਨ



Sri Satguru Jagjit Singh Ji Elibrary NamdhariElibrary@gmail.com

ਲਈ ਇਉਂ ਕੀਤਾ ਸੀ ਪਰ ਅਫਸਰ ਇਸ ਗਲ ਨੂੰ ਬਹੁਤ ਵਡੀ ਗੁਸਤਾਖੀ ਸਮਝ ਬੈਠਦਾ ਹੈ । ਰਾਧੇ ਸ਼ਿਆਮ ਅਨੁਭਵ ਕਰਦਾ ਹੈ ਉਹ ਬਹੁਤ ਵਫਾਦਾਰ ਕਾਰੀਗਰ ਤੇ ਫਰਮ ਦਾ ਬਹੁਤ ਵਫਾਦਾਰ ਨੌਕਰ ਹੈ ਏਸ ਲਈ ਬੌਸ ਉਸ ਨੂੰ ਆਪ ਆਵਾਜ਼ ਮਾਰ ਕੇ ਕਹੇਗਾ ਕਿ ਤੂੰ ਅਗੋਂ ਇਉਂ ਨਾ ਕਰੀਂ ਚਲ ਬੈਠ ਕੇ ਕੰਮ ਕਰ । ਉਧਰ ਅਫਸਰ ਆਸ ਲਾਈ ਬੈਠਾ ਹੈ ਕਿ ਰਾਧੇ ਸ਼ਿਆਮ ਆਪ ਮੁਆਫੀ ਮੰਗੇਗਾ । ਰਾਧੇ ਸ਼ਿਆਮ ਦੀ ਆਸ ਤੇ ਸਿਰ ਨਾ ਝੁਕਾ ਸਕਣ ਦੀ ਰੁਚੀ ਤੇ ਆਪਣੇ ਅਥਾਹ ਮਾਣ ਉਸ ਦੇ ਸਾਰੇ ਦੁਖਾਂਤ ਦਾ ਕਾਰਨ ਬਣਦੇ ਹਨ । ਏਸ ਕਾਰਨ ਤੋਂ ਕਾਰਜ, ਕਾਰਜ ਤੋਂ ਪ੍ਰਤਿ ਕਾਰਜ ਜਨਮਦੇ ਹਨ ਤੇ ਇਨ੍ਹਾਂ ਤਿੰਨਾਂ ਦੀ ਪਰਸਪਰ ਕਲਾਤਮਕ ਪ੍ਰਕਿਰਿਆ ਨਾਲ ਨਾਵਲ ਦੀ ਉਸਾਰੀ ਵਿਚ ਕਲਾਤਮਕ, ਰੂਪਕ ਪਕਿਆਈ ਆ ਜਾਂਦੀ ਹੈ । ਇਹ ਗਰੀਬ ਸਟੈਨੋ ਦਾ ਦੁਖਾਂਤ ਨਹੀਂ, ਸਗੋਂ ਹਰ ਕਿਰਤੀ, ਮਜ਼ਦੂਰ ਤੇ ਮਿਹਨਤੀ ਦਾ ਦੁਖਾਂਤ ਹੈ ਜਿਸ ਕੋਲ ਕੰਮ ਕਰਨ ਲਈ ਆਪਣੀ ਮਸ਼ੀਨ ਨਹੀਂ ਹੈ ਤੇ ਜਿਹੜਾ ਸਚਾ ਸੁਚਾ ਕਿਤਾ ਅਣਖ ਨਾਲ ਕਰਨਾ ਚਾਹੁੰਦਾ ਹੈ । ਇਸ ਲਈ ਇਹ ਨਾਵਲ ਪੜ੍ਹਨਾ ਤੇ ਮਾਣਨਾ ਸੌਖਾ ਹੈ ਪਰ ਭੁਲਾਉਣਾ ਬਹੁਤ ਔਖਾ ਹੈ ।

ਰਾਧੇ ਸ਼ਿਆਮ ਦੀਆਂ ਚੰਗਿਆਈਆਂ ਹੀ ਇਸ ਗਰਕ ਹੋ ਰਹੇ ਸਮਾਜਕ ਢਾਂਚੇ ਵਿਚ ਘਾਤਕ ਗੁਨਾਹ ਬਣਕੇ ਉਸ ਨੂੰ ਘੇਰ ਲੈਂਦੀਆਂ ਹਨ । ਰਾਧੇ ਸ਼ਿਆਮ ਦਾ ਸੱਚਾ ਸੁੱਚਾ ਕਿਰਤੀ ਹੋਣਾ ਪਹਿਲਾ ਗੁਨਾਹ ਹੈ । ਆਪਣੇ ਅਫਸਰ ਤੋਂ ਇਨਸਾਫ ਦੀ ਆਸ ਰਖਣੀ ਉਸ ਦਾ ਦੂਜਾ ਗੁਨਾਹ ਹੈ । ਆਪਣੇ ਮਾਲਕ ਤੇ ਫਰਮ ਦਾ ਵਫਾਦਾਰ ਹੋਣਾ ਉਸ ਦਾ ਤੀਜਾ ਗੁਨਾਹ ਹੈ । ਖਾਲੀ ਹਥ ਘਰ ਨਾ ਜਾਣ ਦੀ ਮਜਬੂਰੀ ਉਸ ਦਾ ਚੋਥਾ ਗੁਨਾਹ ਹੈ । ਸੇਠ ਦੀਆਂ ਗਲਾਂ ਵਿਚ ਆਉਣਾ ਉਸ ਦਾ ਪੰਜਵਾਂ ਗੁਨਾਹ ਹੈ । ਚੋਰੀ ਦਾ ਮਾਲ ਨਾ ਪਚਾ ਸਕਣਾ ਉਸਦਾ ਛੇਵਾਂ ਗੁਨਾਹ ਹੈ । ਸਮੇਂ ਅਨੁਸਾਰ ਆਪਣੀ ਗਰਦਨ ਨਾ ਝੁਕਾ ਸਕਣਾ ਉਸਦਾ ਸਤਵਾਂ ਗੁਨਾਹ ਹੈ ਆਪਣੇ ਆਪ ਵੀ ਲਕ ਨਾ ਸਕਣਾ ਓਹਦਾ ਅਠਵਾਂ ਗੁਨਾਹ ਹੈ ਤੇ ਆਪਣੇ ਲੰਗੋਟੀਏ ਤੇ ਆਸ ਰਖਣਾ ਉਸਦਾ ਨੌਵਾਂ ਗੁਨਾਹ ਹੈ । ਉਸਦੀਆਂ ਨੌ ਉਤਮ ਚੰਗਿਆਈਆਂ ਗੁਨਾਹ ਬਣ ਕੇ ਉਸ ਨੂੰ ਨੌ ਗ੍ਰਹਿ ਬਣ ਕੇ ਘੇਰ ਲੈਂਦੀਆਂ ਹਨ । ਤੇ ਉਹ ਅਧ ਮੋਇਆ ਹੋ ਕੇ ਜਲੂਸ ਦੀ ਭੀੜ ਵਿਚ ਮੋਢਿਆਂ ਤੇ ਸਲੀਬ ਚੁਕ ਕੇ ਭੀੜ ਦਾ ਅੰਗ ਬਣ ਕੇ ਰਹਿ ਜਾਂਦਾ ਹੈ ।

ਜਾਂ ਇਉਂ ਕਹਿ ਲਿਓ ਨਿਜੀ ਲੋੜ ਲਈ ਸਹਿਜ ਸੁਭਾਅ ਜੇਬ ਕਟਣ ਵਾਲੇ ਗ਼ਰੀਬ ਕਿਰਤੀ ਨੂੰ ਜੋ ਚੋਰੀ ਦੇ ਪੈਸੇ ਮੋੜਨ ਲਈ ਜਾਨ ਤੇ ਖੇਡ ਰਿਹਾ ਹੈ, ਪੁਲੀਸ ਫੜ ਕੇ ਵੱਖ ਵੱਖ ਢੰਗ ਨਾਲ ਸਰੇ ਬਜ਼ਾਰ ਜੇਬਾਂ ਕਟਣ ਵਾਲਿਆਂ ਨਾਲ ਤੇ ਅਫਸਰਾਂ ਦੇ ਜ਼ੁਲਮਾਂ ਨਾਲ ਟਕਰਾ ਕੇ ਇਕ ਮਹਾਨ ਜੇਬ ਕਤਰਾ ਸਾਬਤ ਕਰਨ ਵਿਚ ਸਫਲ ਹੋ ਜਾਂਦੀ ਹੈ । ਇਥੇ ਰਾਧੇ ਸ਼ਿਆਮ ਲਾਮਿਜ਼ਰੇਬਲ ਨਾਂਵਲ ਦੇ ਨਾਇਕ ਵਾਂਗ ਹੀ ਘਿਰਿਆ ਮਾਰ ਖਾ ਰਿਹਾ ਹੈ ।

ਵਿਰਦੀ ਨੇ ਜਿਥੇ ਰਾਧੇ ਸ਼ਿਆਮ ਤੋਂ ਛੁਟ ਇਨਸਪੈਕਟਰਾਂ ਹੌਲਦਾਰਾਂ, ਬੰਦੂਕ ਵਾਲੇ ਸਿਪਾਹੀਆਂ, ਡੀ. ਐਸ. ਪੀ., ਜੱਜਾਂ ਸੇਠਾਂ, ਵਿਉਪਾਰੀਆਂ, ਬੌਸਾਂ, ਜਾਹਲੀ ਲੋਕਾਂ, ਸੈਂਸੀਆਂ, ਗਰੀਬ ਕਿਰਤੀ ਬਾਗੜੀਆਂ, ਅਰਧ ਤ੍ਰਿਪਤ ਬਾਬੂਆਣੀਆਂ, ਕੈਬਰਾ ਨਾਚ ਕਰਾਉਣ ਵਾਲਿਆਂ, ਕੈਬਰਾ ਨਾਚ ਕਰਨ ਦਾ ਹੱਕ ਮੰਗਣ ਵਾਲੇ ਵਿਦਿਆਰਥੀਆਂ ਵਿਦਿਆਰਥਣਾਂ, ਦੁਰਾਚਾਰੀ ਨਾਲ ਪੈਸੇ ਕਮਾਉਣ ਵਾਲੀਆਂ, ਪਤੀਆਂ ਨੂੰ ਜ਼ਹਿਰ ਦੇਣ ਵਾਲੀਆਂ ਦੇ ਚਿਤਰ ਬੜੇ ਸੰਜਮੀ ਢੰਗ ਨਾਲ ਪੇਸ਼ ਕੀਤੇ ਹਨ ਉਥੇ ਅਜ ਦੇ ਆਧੁਨਿਕ ਲਿਖਾਰੀਆਂ, ਵੈਰੀ ਮਾਡਰਨ ਆਰਟਿਸਟਾਂ, ਕੰਪਨੀ ਬਰਾਂਡ ਬੁਧੀ ਜੀਵੀਆਂ, ਪਬਲਿਸ਼ਰਾਂ, ਕਹਾਣੀਕਾਰਾਂ, ਗੀਤਕਾਰਾਂ ਆਦਿ ਦੇ ਵੀ ਬੜੇ ਵਿਅੰਗਤਮਕ ਚਿਤਰ ਪੇਸ਼ ਕੀਤੇ ਹਨ । ਕਾਫੀ ਹਊਸ ਦੀ ਝਾਟੀ ਤਾਂ ਦਿਲੀ ਦੇ ਕਾਫੀ ਹਾਊਸ ਦੀ ਅਸਲੀ ਝਾਕੀ ਸਾਕਾਰ ਕਰ ਦਿੰਦੀ ਹੈ, ਜਿਥੇ ਪੰਜਾਬੀ ਲਿਖਾਰੀ ਆਪਣੀਆਂ ਬੇਤੁਕੀਆਂ, ਅਤ੍ਰਿਪਤੀਆਂ, ਕਾਮ ਦਲੇਰੀਆਂ, ਗਾਲ੍ਹਾਂ ਤੇ ਹਾਰਾਂ ਦੀ ਯਥਾਰਥਵਾਦੀ ਪ੍ਰਦਰਸ਼ਨੀ ਕਰਨਾ ਸਭਿਆ ਮਾਡਰਨ ਹੋਣਾ ਮੰਨਦੇ ਹਨ ।

ਕਾਫੀ ਹਊਸ ਵਿਚ ਬੈਠਿਆਂ ਦੇ ਚਿਤਰ ਤੇ ਹੁਲੀਏ ਵੇਖੋ । ਇਥੇ ਵਿਰਦੀ ਬਿਆਨ ਸ਼ਕਤੀ ਤੇ ਗੁੱਝਾ ਵਿਅੰਗ ਸਿੱਖਰ ਤੇ ਹੈ ।

"ਪਹਿਲਾ ਆਦਮੀ ਕਵੀ ਰਾਜੇ ਭਾਟੇ ਮਰਾਠੀ ਨਹੀਂ, ਖਾਲਸ ਪੰਜਾਬੀ ਸੀ, ਉਹਦੀ ਗੋਗੜ ਵਧੀ ਹੋਈ ਤੇ ਬੁਸ਼ਰਟ ਨਾ ਦੀਸ਼ੇ ਧੁਨੀ ਤੋਂ ਵੀ ਗਿਠ ਭਰ ਉਚੀ ਹੀ ਹੁੰਦੀ



Sri Satguru Jagjit Singh Ji Elibrary NamdhariElibrary@gmail.com

ਸੀ । ਹਥ ਵਿਚ ਹਰ ਵੇਲੇ ਹੈਂਡ ਬੈਗ ਕਰਾਈਮ ਰੀਪੋਰਟ ਫਾਈਲ ਵਾਂਗ, ਅਤੇ ਉਹਦੀਆਂ ਵਡੀਆਂ ਵਡੀਆਂ ਮੁਛਾਂ ਇਕ ਤਿਰਸ਼ੇ ਅੰਦਾਜ਼ 'ਚ ਬੁਲ੍ਹਾਂ ਦੀ ਮੁਸਕਾਣੀ ਨੂੰ ਕਾਵ ਪੂਰਤ ਬਣਾਈ ਰਖਦੀਆਂ । ਉਹ ਅਕਸਰ ਕਹਿੰਦਾ ਸੀ ਕਿ ਉਹਨੇ ਆਪਣਾ ਨਕ ਮੂੰਹ ਤੋਂ ਲਾਹ ਕੇ ਪਰਾਂ ਨਾਲ ਲਾਇਆ ਹੋਇਆ ਸੀ । ਅਤੇ ਉਹਦੀ ਡੇਢ-ਗਿਠ ਜੀਭ ਹਰ ਵੇਲੇ ਮੂੰਹ ਵਿਚੋਂ ਬਾਹਰ ਲਟਕਦੀ ਨਜ਼ਰ ਆਉਂਦੀ ਸੀ । ਇਹ ਮੇਰੇ ਭੂਤ ਪੂਰਵ ਮਾਲਿਕ ਲਈ ਸ਼ਰਾਬ ਦੇ ਲੇਬਲ ਪੇਂਟ ਕਰਦੀ । (੧੪੧)

ਜੀਤੀ ਇਥੇ ਆਉਂਦਾ ਹੀ ਆਪਣੀਆਂ ਅਖਾਂ ਦੀਆਂ ਪੁਤਲੀਆਂ ਬਾਹਰ ਕਢਕੇ ਆਈ ਕੇਸ 'ਚ ਬੰਦ ਕਰਕੇ ਜੇਬ ਵਿਚ ਰਖ ਲੈਂਦਾ ਸੀ ਤੇ ਸਿਰਫ ਕੰਨਾ ਨਾਲ ਹੀ ਹਰ ਇਕ ਦੀ ਸ਼ਕਲ ਸੂਰਤ ਵੇਖਣ ਪਛਾਣਨ ਦਾ ਯਤਨ ਕਰਦਾ । (੧੪੧)

ਆਰਟਿਸਟ ਮਣਕਾ ਬੰਗਾਲੀ ਸਟਾਈਲ ਦੀ ਚਪਲ ਤੇ ਲਖਨਵੀ ਕੁਰਤਾ ਅਤੇ ਪੰਜਾਬੀ ਪਜਾਮਾ ਪਾਕੇ ਆਪਣੇ ਚਿਹਰੇ ਦੇ ਅੱਧੇ ਹਿੱਸੇ ਤੇ ਸਤ ਰੰਗ ਮਿਕਸਡ ਕਰਕੇ ਟੇਢੀਆਂ ਲਕੀਰਾਂ ਮਾਰ ਲੈਂਦਾ, ਜਿਹੜੀਆਂ ਸੁਦਰਸ਼ਨ ਚੱਕਰ ਵਾਂਗ ਘੁੰਮਦੀਆਂ ਨਜ਼ਰ ਆਉਂਦੀਆਂ । ਉਹ ਆਪਣੇ ਦਸਾਂ ਉਂਗਲਾਂ ਦਸ ਵੱਖ ਵੱਖ ਰੰਗਾਂ ਨਾਲ ਲਬੇੜ ਕੇ ਕਾਫੀ ਹਊਸ ਵਿਚ ਆ ਬੈਠਦਾ । (੧੪੨)

ਮੇਰੇ ਦਫਤਰ ਵਿਚ ਕੰਮ ਕਰਨ ਵਾਲੇ ਸਾਥੀ ਆਰਟਿਸਟ ਸਤੋਸ਼ ਨੇ ਆਪਣੇ ਦੰਦ ਲਾਹ ਕੇ ਬੈਗ ਵਿਚ ਰਖ ਲਏ ਤੇ ਖਾਲੀ ਥਾਂਵਾਂ ਨੂੰ ਪਲਾਸਟਕ ਦੀਆਂ ਗੋਲੀਆਂ ਨਾਲ ਭਰ ਲਿਆ (੧੩੯) ਰਾਧੇ ਸ਼ਿਆਮ ਆਪਣੀਆਂ ਚੰਗਿਆਈਆਂ ਦੇ ਗੁਨਾਹਾਂ ਵਿਚ ਘਸੀਟਿਆ ਜਾਂਦਾ ਹੋਇਆ ਕਾਫੀ ਹਊਸਾਂ ਬਸਤੀਆਂ, ਨਾਚ ਘਰਾਂ, ਹਵਾਲਾਤਾਂ, ਸੜਕਾਂ, ਬਜ਼ਾਰਾਂ, ਬਸਾਂ, ਸਹਿਜ ਸੁਭਾਅ ਦਰਸ਼ਨ ਕਰਾਈ ਜਾਂਦਾ ਹੈ । ਤੇ ਇਨ੍ਹਾਂ ਨਾਟਕੀ ਦਰਸ਼ਨਾਂ ਤੇ ਝਲਕੀਆਂ ਵਿਚ ਇਹੋ ਜਿਹੇ ਕਈ ਬੋਲ ਵੱਖ ਵੱਖ ਬੁਲ੍ਹਾਂ ਚੋਂ ਨਿਕਲਦੇ ਹਨ ਜੋ ਸਾਨੂੰ ਸੋਚਣ ਲਈ ਮਜਬੂਰ ਕਰਦੇ ਹਨ ।

ਜੇ ਭੀੜ ਸੋਚ ਸਕਦੀ ਤਾਂ ਸ਼ਹਿਰ ਦਾ ਨਕਸ਼ਾ ਹੀ ਬਦਲ ਜਾਂਦਾ (੧੯) ਗੈਰ-ਕਾਰੀਗਰ ਲੋਕ ਹੀ ਮਸ਼ੀਨਾਂ ਦੇ ਮਾਲਿਕ ਕਿਉਂ ਨੇ (੨੨) ਆਧੁਨਿਕ ਵਿਅਕਤੀ ਉਦਾਸੀ ਵਿਚ ਹੀ ਰਹਿ ਕੇ ਖੁਸ਼ ਨੇ (੨੫) ਸੜਕਾਂ ਬੰਦੇ ਨੂੰ ਕਦ ਤੀਕ ਸਹਾਰਾ ਦੇ ਸਕਦੀਆਂ (੩੮) ਜੀਉਂਦੇ ਬੰਦੇ ਤੋਂ ਕੌਣ ਡਰਦਾ ਹੈ (੪੨) ਹਰ ਬੰਦਾ ਹਕੀਕਤ ਵਿਚ ਚੋਰ ਏ (੭੧) ਇਹ ਰਾਜਧਾਨੀ ਹੈ (੧੦੧) ਬੰਦਾ ਕੀ ਕੁਝ ਨਾ ਕਰੇ (੧੧੬) ਮੈਨੂੰ ਇਸ ਗਲ ਦੀ ਸਮਝ ਨਹੀਂ ਆਉਂਦੀ ਕਿ ਸੱਚਾ ਆਦਮੀ ਬਾਗੀ ਕਿਉਂ ਸਮਝਿਆ ਜਾਂਦਾ ਹੈ (੧੨੩) ਸਰਕਾਰਾਂ ਪੁਲਿਸ ਵਾਲਿਆਂ ਦੇ ਮੋਢਿਆਂ ਤੇ ਪਈਆਂ ਹੋਈਆਂ ਰਾਈਫਲਾਂ ਨਾਲ ਹੀ ਚਲਦੀਆਂ (੧੨੮) ਮੈਂ ਕਈ ਥਾਵਾਂ ਤੇ ਪੜ੍ਹ ਚੁੱਕਾ ਹਾਂ ਕਿ ਸੋਚਵਾਨ ਲੋਕਾਂ ਨੂੰ ਸਰਕਾਰ ਫਾਹੇ ਲਾ ਲਾ ਕੇ ਹੀ ਅਮਰ ਕਰਦੀ ਹੈ (੧੨੦) ਸਾਡੇ ਦੇਸ਼ ਵਿਚ ਜਿਹੜਾ ਸੋਚਦਾ ਹੀ ਹੈ ਤੇ ਕਰਦਾ ਕੁਝ ਨਹੀਂ । ਤੂੰ ਸਮਝ ਉਹ ਸੋਚਵਾਨ ਹੈ (੧੩੬) ਜਿਹੜਾ ਸੋਚੇਗਾ ਉਹ ਫਸਾਦ ਖੜਾ ਕਰੇਗਾ (੧੩੬) ਦੁਖੜੇ ਰੋਣ ਤੇ ਸਾਜ਼ਿਸ਼ ਕਰਨ ਵਿਚ ਕੀ ਫਰਕ ਏ (੧੪੦) ਆਪਣੇ ਆਪ ਨੂੰ ਲੁਕਾ ਕੇ ਰਖਣ ਵਾਲਾ ਵਿਅਕਤੀ ਹੀ ਸਫਲਤਾ ਨਾਲ ਜੀਉਂ ਸਕਦਾ ਏ (੧੪੨)

ਪਲੀਸ ਵਿਚ ਭਰਤੀ ਹੋਣ ਵੇਲੇ ਹੀ ਸਾਨੂੰ ਆਪਣੀ ਜ਼ਮੀਰ ਸਰਕਾਰੀ ਤਹਿਖਾਨੇ ਵਿਚ ਗਿਰਵੀ ਰਖ ਦੇਣੀ ਪੈਂਦੀ ਹੈ (੧੯੩) ਹੀਰੋ ਵਿਚ ਕਮਜ਼ੋਰੀ ਜ਼ਰੂਰ ਚਾਹੀਦੀ ਹੈ, ਨਹੀਂ ਤਾ ਉਹ ਹੀਰੋ ਨਾ ਰਹਿ ਕੇ ਰਬ ਬਣ ਜਾਂਦਾ ਹੈ, ਜਿਸ ਕਰਕੇ ਉਹ ਲੋਕਾਂ ਦੀ ਪਹੁੰਚ ਤੋਂ ਪਰੇ ਹੋ ਜਾਵੇ, ਲੋਕ ਉਸ ਨੂੰ ਪਿਆਰ ਨਹੀਂ ਕਰਦੇ ਸ਼ਰਧਾ ਨਾਲ ਵੇਖਦੇ ਹਨ (੨੦੪) ਵਿਅੰਗਾਤਮਕ ਵਾਕ ਵੇਖੋ :

ਕਈ ਹੱਥ ਦੂਜਿਆਂ ਦੀਆਂ ਜੇਬਾਂ ਲਈ ਪੈਦਾ ਹੁੰਦੇ ਹਨ (੨੧) ਕੀ ਲੋਕ ਰਾਜ ਵਿਚ ਸਭ ਲੋਕ ਇਕ ਦੂਸਰੇ ਦੀਆਂ ਜੇਬਾਂ ਹੀ ਕੱਟਦੇ ਨੇ (੨੯) ਸੇਠ ਦੀ ਆਪਣੀ ਜੇਬ ਵਿਚ ਕਿੰਨੇ ਹੀ ਲੋਕਾਂ ਦੀਆ ਜੇਬਾਂ ਨੇ (੧੫) ਭਗਵਾਨ ਨੂੰ ਲੋਕ ਜੇਬਾਂ ਵਿਚ ਲਈ ਫਿਰਦੇ ਨੇ (੩੦) ਮੁਕਦਮਾ ਤਾਂ ਲੋਕਾਂ ਦੀਆਂ ਅਖਾਂ ਵਿਚ ਘੱਟਾ ਪਾਉਣ ਲਈ ਹੁੰਦਾ ਹੈ (੧੧੪) ਪਹਿਲਾ ਦਿਲ ਕਢਵਾ ਕੇ ਦੂਸਰਾ ਲਗਵਾ ਲਿਆ ਜਾਵੇ ਤਾਂ ਲਗਾਤਾਰ ਕਾਫ਼ੀ ਹਊਸ ਵਿਚ ਬੈਠਣ ਲਗਿਆਂ ਤਕਲੀਫ ਨਾ



Sri Satguru Jagjit Singh Ji Elibrary NamdhariElibrary@gmail.com

ਹੋਵੇ। ਪਹਿਲੇ ਦਿਲ ਹੁਣ ਕਾਫੀ ਟਾਰਚਰਡ ਹੋ ਚੁਕੇ ਹਨ ਕਿਸੇ ਘੜੀਸਾਜ਼ ਕੋਲ ਮੁਰੱਮਤ ਲਈ ਦੇਣੇ ਚਾਹੀਦੇ ਨੇ (੧੪੧) ਮੁਕਰਨਾ ਸਵਿਧਾਨਿਕ ਹੱਕ ਹੈ (੧੪੬) ਡਰਾਇੰਗ ਵਿਚ ਨਿੰਪੁਨ ਹੋਣਾਂ ਤੇ ਕਲਰ ਸਕੀਮ 'ਚ ਐਕਸਪਟ ਹੋਣਾ ਆਰਟਿਸ ਦੀ ਕੋਈ ਖਾਸ ਕੁਆਲੀਫੀਕੇਸ਼ਨ ਨਹੀਂ (੧੪੯) ਕੁਝ ਸੰਵਾਦ ਐਸੇ ਸ਼ਕਤੀਸ਼ਾਲੀ ਹਨ ਕਿ ਐਬਸਰਡ ਸ਼ੈਲੀ ਵਾਲੇ ਤੇ ਪ੍ਰਯੋਗਵਾਦੀ ਨਾਟਕਾਂ ਦੇ ਵਾਰਤਾ ਲਾਪ ਨੂੰ ਮਾਤ ਪਾਉਂਦੇ ਹਨ।

* —ਉਹ ਸ਼ਮਸ਼ਾਨ ਤੀਕ ਪਹੁੰਚ ਸਕਦੇ ਨੇ।
—ਉਨ੍ਹਾਂ ਨੂੰ ਹੋਰ ਕੰਮ ਨਹੀ ?
—ਕਿਉਂ ਇਹ ਕੰਮ ਨਹੀਂ ? (੨੨)

* —ਤੁਸੀਂ ਮੇਰੀ ਗਲ ਦਾ ਜੁਵਾਬ ਦਿਓ।
—ਨਹੀਂ ਦਿੰਦਾ।
—ਫੇਰ ਮੈਥੋਂ ਵੀ ਨਾ ਜੁਆਬ ਮੰਗਿਓ।
—ਕੌਣ ਗਧਾ ਮੰਗਦਾ ਹੈ ?
—ਕਈ ਹਨ।
—ਮੈਂ ਨਹੀਂ (੧੪੨)

* —ਮੇਰੇ ਤੇ ਵਜਦ ਭਾਰੀ ਏ।
—ਬਕਵਾਸ ਬੰਦ ਕਰ।
—ਤੇਰੇ ਪਿਓ...।
—ਵੈਰੀ ਮਾਡਰਨ ਏ ਤਾਂ ਬਰਦਾਸ਼ਤ ਕਰ।
—ਮੈਂ ਹਾਲੇ ਮਾਡਰਨ ਹੋ ਰਿਹਾਂ। (੧੫੪)

* —ਲੈ ਜਾ ਰਹੇ ਹਾਂ ਤੇਰੇ ਜਣਦਿਆਂ ਦੇ ਘਰ।
—ਮੇਰੇ ਜਣਦੇ ਇਧਰ ਨਹੀਂ ਰਹਿੰਦੇ ?

ਇਹੋ ਜਿਹੇ ਸੰਵਾਦ ਦੇ ਟੋਟੇ ਬਹੁਤ ਹਨ। ਇਸ ਲਈ ਇਹ ਨਾਵਲ ਬਹੁਤ ਵਧੀਆ ਨਾਟਕ ਤੇ ਖਾਸ ਕਰਕੇ ਟੀ. ਵੀ. ਨਾਟਕ ਬਣ ਸਕਦਾ ਹੈ।

ਸੋ ਇਹ ਨਾਵਲ ਆਪਣੀ ਭਾਂਤ ਦਾ ਪਹਿਲਾ ਸੋਚਣ ਵਾਲਾ ਜ਼ਿੰਦਗੀ ਦੀ ਕਰੜੀ ਆਲੋਚਨਾ ਕਰਨ ਵਾਲਾ ਨਾਵਲ ਹੈ, ਜਿਹੜਾ ਨਵੀਂ ਗਲਪ ਨਾਟਕੀ ਵਿਧੀ ਨਾਲ ਮੁਖ ਪਾਤਰ ਦੀ ਤਿੰਨਾਂ ਕੁ ਦਿਨਾਂ ਦੀ ਜ਼ਿੰਦਗੀ ਰਾਹੀਂ ਸਮੁਚੀ ਸਮਾਜ ਸਮੁਚੇ ਜੇਬ ਕਤਰਿਆਂ ਸਮੁਚੇ ਹਾਰੇ ਹੋਏ ਬੁਧੀਜੀਵੀਆਂ ਤੇ ਵਿਗੜੀ ਤਰਕੀ ਸਮਾਜਕ ਜ਼ਿੰਦਗੀ ਦੇ ਦਲੇਰੀ ਨਾਲ ਦਰਸ਼ਨ ਕਰਾਕੇ ਬਹੁਤ ਹੀ ਉਤਸੁਕਤਾ ਭਰਪੂਰ ਸ਼ੈਲੀ ਰਾਹੀਂ ਇਹ ਸੰਕੇਤ ਕਰਨਾ ਚਾਹੁੰਦਾ ਹੈ।

ਹਨੇਰਾ ਹੋਰ ਕਿੰਨੀ ਕੁ ਦੇਰ ਰਹਿ ਸਕੇਗਾ ਦਿਨ ਨੇ ਤਾਂ ਆਖਰ ਚੜ੍ਹਨਾ ਹੀ ਹੈ (੧੯੩) ਸਲੀਬਾਂ ਤੇ ਮਸ਼ਾਲਾਂ ਚੁਕੀ ਜਲੂਸੀਆਂ ਦਾ ਹੜ੍ਹ ਆਖਰ ਤਾਂ ਹੇਠਲੀ ਉਤੇ ਲਿਆ ਕੇ ਹੀ ਰਹੇਗਾ ਨਾ। ●

---

## 'ਵਰਿਆਮ ਦੀ ਮਲਕੀਅਤ ਤੇ ਹੋਰ ਵੇਰਵੇ ਸਬੰਧੀ ਬਿਆਨ

| | | |
|---|---|---|
| ੧. | ਪ੍ਰਕਾਸ਼ਨ ਸਥਾਨ | ਜਲੰਧਰ |
| ੨. | ਪ੍ਰਕਾਸ਼ਨ-ਕਾਲ | ਮਾਸਕ |
| ੩. | ਛਾਪਕ ਦਾ ਨਾਮ | ਜਗਦੀਸ਼ ਸਿੰਘ |
| | ਨਾਗਰਿਕਤਾ | ਭਾਰਤੀ |
| ੪. | ਪ੍ਰਕਾਸ਼ਕ ਦਾ ਨਾਮ | ਜਗਦੀਸ਼ ਸਿੰਘ |
| | ਨਾਗਰਿਕਤਾ | ਭਾਰਤੀ |
| ੫. | ਸੰਪਾਦਕ ਦਾ ਨਾਮ | ਜਗਦੀਸ਼ ਸਿੰਘ |
| | ਨਾਗਰਿਕਤਾ | ਭਾਰਤੀ |
| ੬. | ਉਹਨਾਂ ਵਿਅਕਤੀਆ ਦੇ ਨਾਮ ਤੇ ਪਤੇ ਜੋ ਸਮਾਚਾਰ ਪਤਰ ਦੇ ਮਾਲਕ ਹੋਣ ਅਤੇ ਸਾਰੀ ਪੂੰਜੀ ਦੇ ਇਕ ਪ੍ਰਤੀਸ਼ਤ ਤੋਂ ਵਧ ਦੇ ਭਾਈਵਾਲ ਜਾਂ ਹਿੱਸੇਦਾਰ ਹੋਣ | ਜਗਦੀਸ਼ ਸਿੰਘ |

ਮੈਂ ਜਗਦੀਸ਼ ਸਿੰਘ ਐਲਾਨ ਕਰਦਾ ਹਾਂ ਕਿ ਮੇਰੀ ਵਧ ਤੋਂ ਵਧ ਜਾਣਕਾਰੀ ਅਤੇ ਵਿਸ਼ਵਾਸ ਦੇ ਅਨੁਸਾਰ ਉਪਰ ਦਿਤੇ ਗਏ ਵੇਰਵੇ ਸੱਚ ਹਨ।

(ਸਹੀ) ਜਗਦੀਸ਼ ਸਿੰਘ
ਮਿਤੀ ੨੮-੨-੮੩ ਪ੍ਰਕਾਸ਼ਕ ਦੇ ਦਸਖਤ



Sri Satguru Jagjit Singh Ji Elibrary NamdhariElibrary@gmail.com

Approved By Department of :

AGRICULTURE PUNJAB GOVERNMENT

High Class Manufacturers of :



- QUALITY WHEAT THRASHERS
- MAIZE SHELLERS
- FERTI SEED DRILLS
- AND OTHER AGRICULTURAL IMPLEMENTS



QUALITY MARKED

DEPARTMENT OF AGRICULTURE PUNJAB GOVT. QUALITY MARK

ਕੁਆਲਟੀ ਮਾਰਕਡ



ਖੇਤੀ ਬਾੜੀ ਦੇ ਵਧੀਆ ਸਾਜ਼ ਸਾਮਾਨ

ਬਣਾਉਣ ਵਾਲੇ।

TRADE **JASPAL** MARK

Grams : HABI INDUSTRIES

Phone : 2737

## *HABI INDUSTRIES (Regd.)*

10, Industrial Area,
PHAGWARA—144401,



Sri Satguru Jagjit Singh Ji Elibrary NamdhariElibrary@gmail.com

# ਵਰਿਆਮ ਲਈ ਸਹਾਇਤਾ

ਸ: ਗੁਰਚਰਨ ਸਿੰਘ ਇੰਦਰ ਸਿੰਘ ਜੀ ਮੰਡੀ ਹਿਮਾਚਲ ਵਾਲਿਆਂ ਆਪਣੀ ਮਾਤਾ ਜੀ ਨਮਿਤ ਪਾਠ ਦੇ ਭੋਗ ਸਮੇਂ (੨੧.੧.੯੩) ਵਰਿਆਮ ਵਾਸਤੇ ੨੦/— ਰੁਪੈ ਸਹਾਇਤਾ ਭੇਜੀ।

—ਸੰਤ ਦਰਸ਼ਨ ਸਿੰਘ ਗੜਵਾ : ਸੰਤ ਦਰਸ਼ਨ ਸਿੰਘ ਜੀ ਗੁਰੂ ਨਾਨਕ ਵਸਤਰਾਲਿਆ ਗੜਵਾ (ਡਾਲਟਨਗੰਜ) ਬਿਹਾਰ ਵਾਲਿਆਂ ਵਰਿਆਮ ਵਾਸਤੇ ੨੧/— ਰੁਪਏ ਸਹਾਇਤਾ ਭੇਜੀ ਹੈ।

—ਸ: ਚੰਨਣ ਸਿੰਘ ਦੇ. ਐਸ. ਆਈ ਚੰਡੀਗੜ੍ਹ ਨੇ ਆਪਣੇ ਗ੍ਰਹਿ ਵਿਖੇ ਦੀਵਾਨ ਸਮੇਂ ੨੧/— ਰੁਪਏ ਵਰਿਆਮ ਵਾਸਤੇ ਭੇਜੇ ਹਨ।

—ਸ: ਹਰਚਰਨ ਸਿੰਘ ਖੁਰਾਨਾ ਥਾਨਾ (ਬੰਬਈ) ਵਿਖੇ ਆਪ ਨੇ ਆਪਣੇ ਨਵੇਂ ਮਕਾਨ ਦੀ ਖੁਸ਼ੀ ਵਿਚ ਵਰਨੀ ਕਰਵਾਈ ਅਤੇ ਸਾਧ ਸੰਗਤ ਦੀ ਸੇਵਾ ਕੀਤੀ ਵਰਿਆਮ ਵਾਸਤੇ ਦਸ ਰੁਪਏ ਦਾ ਸਹਿਯੋਗ ਦਿੱਤਾ।

—ਸੰਤ ਗੁਰਚਰਨ ਸਿੰਘ ਗਿਆਨੀ ਬੰਬਈ : ਕੁਝ ਸਾਲਾਂ ਤੋਂ ਬੰਬਈ ਵਿਚ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਦੇ ਗੁਰਪੁਰਬ ਦਾ ਮਾਇਕੀ ਪਰਬੰਧ ਕੋਈ ਇਕ ਇਕੱਲਾ ਪਰਿਵਾਰ ਹੀ ਕਰਦਾ ਹੈ। ਇਸ ਵਾਰ ਸੰਤ ਗੁਰਬਚਨ ਸਿੰਘ ਗਿਆਨੀ ਜੀ ਦੇ ਪਰਿਵਾਰ ਵਲੋਂ ਇਹ ਸੇਵਾ ਕੀਤੀ ਗਈ। ਸੰਤ ਸੇਵਾ ਸਿੰਘ ਜੀ ਦਿੱਲੀ ਵਾਲਿਆਂ ਨੇ ਉਚੇਚੇ ਜਥੇ ਸਮੇਤ ਦਰਸ਼ਨ ਦੇ ਕੇ ਸਤਿਗੁਰੂ ਜੀ ਦੇ ਜੀਵਨ ਤੇ ਬਹੁਤ ਪ੍ਰਭਾਵਸ਼ਾਲੀ ਦੀਵਾਨ ਸਜਾਏ। ਬੰਬਈ ਦੇ ਸੰਤ ਧੰਨਾ ਸਿੰਘ ਅਤੇ ਸੰਤ ਬਹਾਦਰ ਸਿੰਘ ਜੀ ਨੇ ਵੀ ਹੱਲੇ ਦੇ ਦੀਵਾਨ ਲਾਏ। ਵਰਿਆਮ ਵਾਸਤੇ ਦਸ ਰੁਪਏ ਦੀ ਸਹਾਇਤਾ ਸੰਤ ਹਜ਼ੂਰ ਸਿੰਘ ਗੁਲਾਟੀ ਰਾਹੀਂ ਪੁੱਜੀ ਹੈ।

ਨਾਮਧਾਰੀ ਸੰਗਤ ਚੰਡੀਗੜ੍ਹ :— ਚੰਡੀਗੜ੍ਹ ਦੀ ਨਾਮਧਾਰੀ ਸੰਗਤ ਵਲੋਂ ੧੩ ਮਾਰਚ ਨੂੰ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਦਾ ਅਵਤਾਰ ਪੁਰਬ ਨਾਮਧਾਰੀ ਧਰਮਸ਼ਾਲਾ ਸੈਕਟਰ ੩੦ ਚੰਡੀਗੜ੍ਹ ਵਿਚ ਨਵੇਂ ਉਸਰ ਰਹੇ ਹਾਲ ਵਿਚ ਮਨਾਇਆ ਗਿਆ। ਵਰਿਆਮ ਵਾਸਤੇ ੧੫੦/— ਰੁਪਏ ਸਹਾਇਤਾ ਦਿੱਤੀ ਗਈ।

—ਸ: ਲਾਭ ਸਿੰਘ ਜੀ ਹੈਦਰਾਬਾਦ:— ਅਪੈਰਸੋ ਏਜੰਸੀਜ਼ ਹੈਦਰਾਬਾਦ ਦੇ ਸ: ਲਾਭ ਸਿੰਘ ਜੀ ਨੇ ਵਰਿਆਮ ਵਾਸਤੇ ੨੫/—ਰੁਪਏ ਭੇਜੇ ਹਨ।

—ਸ. ਸੁਰਜੀਤ ਸਿੰਘ ਬਸਤੀ ਭੂਰੇ ਖਾਂ:— ਜਲੰਧਰ ਮੋਟਰ ਸਾਈਕਲ ਵਰਕਸ਼ਾਪ ਦੇ ਮਾਲਕ ਸ: ਸੁਰਜੀਤ ਸਿੰਘ ਜੀ ਨੇ ਆਪਣੇ ਗ੍ਰਹਿ ਬਸਤੀ ਭੂਰੇ ਖਾਂ ਨਵੇਂ ਚੁਬਾਰਿਆਂ ਦੀ ਚੱਠ ਸਮੇਂ ਵਰਿਆਮ ਨੂੰ ੨੧/— ਰੁਪਏ ਸਹਾਇਤਾ ਦਿੱਤੀ। ਇਸ ਸਸੇਂ ਸੰਤ ਬਲਬੀਰ ਸਿੰਘ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ, ਪਾਠ ਦਾ ਭੋਗ ਪਾਇਆ ਗਿਆ ਅਤੇ ਸਾਧ ਸੰਗਤ ਨੂੰ ਲੰਗਰ ਛਕਾਇਆ ਗਿਆ।

—ਸ: ਹਰਬੰਸ ਸਿੰਘ ਮੁਹੱਲਾ ਕਰਾੜ ਖਾਂ ਦੇ ਪਿਤਾ ਜੀ ਪਿਛਲੇ ਦਿਨੀਂ ਗੁਰਪੁਰੀ ਸਿਧਾਰ ਗਏ ਸਨ। ਉਹਨਾਂ ਦੀ ਜੀਵ ਆਤਮਾ ਨਮਿਤ ਪਾਠ ਦਾ ਭੋਗ ੨੩.੧.੯੩ ਨੂੰ ਪਾਇਆ ਗਿਆ। ਇਸ ਅਵਸਰ ਤੇ ਵਰਿਆਮ ਨੂੰ ੧੧/— ਰੁਪਏ ਸਹਾਇਤਾ ਭੇਜੀ ਗਈ।

ਬੀਬੀ ਜਸਮੀਤ ਕੌਰ ਕਲਕੱਤਾ:— ਵਰਿਆਮ ਦੇ ਜੀਵਨ ਮੈਂਬਰ ਸ: ਮਨਜੀਤ ਸਿੰਘ ਜੀ ਦੀ ਸੁਪਤਨੀ ਬੀਬੀ ਜਸਮੀਤ ਕੌਰ ਜੀ ਨੇ ਪਟੇਲ ਨਗਰ ਦਿੱਲੀ ਵਿਖੇ ਅਖੰਡ ਪਾਠ ਦੇ ਭੋਗ ਸਮੇਂ ਵਰਿਆਮ ਵਾਸਤੇ ੨੧/— ਰੁਪਏ ਸ: ਪ੍ਰੀਤਮ ਸਿੰਘ ਕਵੀ ਜੀ ਰਾਹੀਂ ਭੇਜੇ।

ਸ: ਗੋਪਾਲ ਸਿੰਘ ਪਨਵਾਂ ਵਾਲੇ:— ਜਲੰਧਰ ਵਿਖੇ ਅੱਸੀ ਸਾਲ ਤੋਂ ਉਪਰ ਦੀ ਆਯੂ ਭੋਗ ਕੇ ਮਿਤੀ ਇਸ ਸੰਸਾਰ ਨੂੰ ਤਿਆਗ ਗਏ। ਆਪ ਜੀ ਦੇ ਸਪੁਤਰਾਂ ਸ: ਬਲਬੀਰ ਸਿੰਘ, ਸ: ਸੁਰਿੰਦਰ ਸਿੰਘ ਸ: ਅਮਰੀਕ ਸਿੰਘ ਵਲੋਂ ਆਪ ਜੀ ਦੀ ਜੀਵ ਆਤਮਾ ਨਮਿਤ ਰਖੇ ਪਾਠ ਦਾ ਭੋਗ ਪਾਇਆ ਗਿਆ। ਜੱਥੇਦਾਰ ਹਜ਼ਾਰਾ ਸਿੰਘ, ਜੱਥੇਦਾਰ ਨੱਥਾ ਸਿੰਘ ਜੀ ਨੇ ਦੀਵਾਨ ਲਾਇਆ। ਵਰਿਆਮ ਵਾਸਤੇ ੨੧/— ਰੁਪਏ ਸਹਾਇਤਾ ਦਿੱਤੀ ਗਈ।

ਠੇਕੇਦਾਰ ਦਰਸ਼ਨ ਸਿੰਘ ਜਲੰਧਰ:— ਪ੍ਰਧਾਨ ਬਸਤੀ ਭੂਰੇ ਖਾਂ ਨਾਮਧਾਰੀ ਧਰਮਸਾਲਾ ਨੇ ਆਪਣੇ ਗ੍ਰਹਿ ਵਿਖੇ ਵਰਨੀ ਕਰਾਈ ਵਰਿਆਮ ਵਾਸਤੇ ੫/— ਰੁਪਏ ਸਹਾਇਤਾ ਦਿੱਤੀ।



Sri Satguru Jagjit Singh Ji Elibrary NamdhariElibrary@gmail.com

REPUTED MANUFACTURERS OF:

**SUPERIOR QUALITY**

**SINGLE BARREL &**

**DOUBLE BARREL**

**B. L. 12 BORE**

# GUNS

Grams : SNIPER | Phone : 3805

## MODERN GUN WORKS

**Opp. Industrial Estate,**

**JAMMU CANTT.**

With best compliments from :-

## *NAMDHARI BROTHERS*

Prop. S. AJIT SINGH

*Main Bazar, DALTONGANJ (Bihar)*

Dealers : KIRLOSKAR DIESEL ENGINE. P. S. G. ELECTRIC MOTORS. ELECTRICAL APPLIANCES STAINLESS STEEL PARTS, PRESSURE COOKERS AND AGRICULTURAL IMPLIMENTS

WITH BEST COMPLIMENTS FROM :

## *New Namdhari Cloth House*

WHOLE SALE CLOTH DEALERS

*Main Bazar DALTONGANJ (Bihar)*



Sri Satguru Jagjit Singh Ji Elibrary NamdhariElibrary@gmail.com

**ਯੁਗ ਮਰਯਾਦਾ ਹਿੰਦੀ** :—ਸ: ਨਰਿੰਦਰ ਸਿੰਘ ਭਾਰਤੀ ਨੇ ਹਿੰਦੀ ਵਿਚ ਮਾਸਕ ਯੁਗ ਮਰਯਾਦਾ ਨੂੰ ਕਾਫੀ ਸਾਲਾਂ ਬਾਅਦ ਮੁੜ ਚਾਲੂ ਕਰ ਦਿਤਾ ਹੈ। ਮੰਡੀ ਹਿਮਾਚਲ ਪ੍ਰਦੇਸ਼ ਚੋਂ ਜਾਰੀ ਹੋਏ ਪਰਚੇ ਦੇ ਮੁਖ ਪੰਨੇ ਤੇ ਸਤਿਗੁਰੂ ਰਾਮ ਸਿੰਘ ਜੀ ਦੀ ਤਸਵੀਰ ਹੈ। ਅੰਦਰ ਗਿਆਨੀ ਗਿਆਨ ਸਿੰਘ ਜੀ ਦੇ ਨਾਮਧਾਰੀਆਂ ਬਾਰੇ ਸੰਪੂਰਨ ਕਬਿਤ ਅੰਕਿਤ ਹਨ। ਇਸ ਤੋਂ ਇਲਾਵਾ ਹੋਰ ਸਾਹਿਤਕ ਸਾਮਗਰੀ ਹੈ। ਪਰਚੇ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦਾ ਆਸ਼ੀਰਵਾਦ ਹਾਸਲ ਹੈ ਅਤੇ ਉਹਨਾਂ ਦੀ ਤਸਵੀਰ ਸਹਿਤ ਸ਼ੁਭ ਸੰਦੇਸ਼ ਸਭ ਤੋਂ ਪਹਿਲਾਂ ਪ੍ਰਕਾਸ਼ਤ ਹੋਇਆ ਹੈ। ਮੁਲ 2 ਰੁਪਏ ਹੈ। ਵਰਿਆਮ! ਵਲੋਂ ਸ਼ੁਭ ਇਛਾਵਾਂ ਅਤੇ ਵਧਾਈਆਂ।




ਹਿਮਾਚਲ ਦੇ ਮੁਖ ਮੰਤਰੀ ਠਾਕਰ ਰਾਮ ਲਾਲ ਨੂੰ ਯੁਗ ਮਰਯਾਦਾ ਦੇ ਸੰਪਾਦਕ ਨਰਿੰਦਰ ਸਿੰਘ ਭਾਰਤੀ ਮੁੜ ਪ੍ਰਕਾਸ਼ਤ ਮੈਗਜ਼ੀਨ ਦਾ ਪਹਿਲਾ ਅੰਕ ਭੇਟ ਕਰਦੇ ਹੋਏ।

# ਨਾਮਧਾਰੀ ਹੋਲਾ ਮਹੱਲਾ

## ਅਮਰਾਸਰ (ਸਿਰਸਾ) ਵਿਖੇ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਿਜੀ ਸਕੱਤਰ ਸੰਤ ਤਰਸੇਮ ਸਿੰਘ ਜੀ ਦੀ ਸੂਚਨਾ ਅਨਸਾਰ ਇਸ ਵਾਰ ਨਾਮਧਾਰੀ ਸੰਤ ਖਾਲਸਾ ਜੀ ਦਾ ਹੋਲੇ ਮਹੱਲੇ ਦਾ ਸਮਾਗਮ ੨੮-੨੯-੩੦-੩੧ ਮਾਰਚ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਛੱਤਰ ਛਾਇਆ ਹੇਠ ਪਿੰਡ ਅਮਰਾਸਰ ਕਲਾਂ ਜ਼ਿਲਾ ਸਰਸਾ ਵਿਖੇ ਹੋ ਰਿਹਾ ਹੈ। ਇਹ ਮਹਾਨ ਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਤੇ ਗੁਰੂ ਰਾਮ ਸਿੰਘ ਜੀ ਦੇ ਹੋਲਾ ਪੁਰਬ, ਗੁਰੂ ਬਾਲਕ ਸਿੰਘ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਕਾਸ਼ ਦਿਵਸਾਂ ਦੇ ਸਾਂਝੇ ਪੁਰਬ ਵਜੋਂ ਮਨਾਇਆ ਜਾ ਰਿਹਾ ਹੈ। ਹਰ ਰੋਜ਼ ਨਿਤ ਨੇਮ ਕੀਰਤਨ ਵਿਖਿਆਨ ਹੋਣਗੇ ੨੯ ਮਾਰਚ ਸ਼ਾਮ ਨੂੰ ਇਕ ਮਹਾਨ ਪੰਜਾਬੀ ਕਵੀ ਦਰਬਾਰ ਵੀ ਹੋਵੇਗਾ। ੩੧ ਮਾਰਚ ਨੂੰ ਆਨੰਦ ਕਾਰਜ ਹੋਣਗੇ, ਨਾਮਧਾਰੀ ਦਰਬਾਰ ਨਾਮਧਾਰੀ ਵਿਦਿਅਕ ਜਥਿਆਂ ਦੀਆਂ ਇਕੱਤ੍ਰਤਾਵਾਂ ਵੀ ਹੋਣਗੀਆਂ।

# ਵਧਾਈ

**ਭਾਸ਼ਾ ਵਿਭਾਗ ਵਲੋਂ ਇਸ ਸਾਲ ਸ: ਜਸਵੰਤ ਸਿੰਘ ਰਾਹੀ ਨੂੰ ਸ਼ਰੋਮਣੀ ਸਾਹਿਤਕਾਰ ਘੋਸ਼ਤ ਕੀਤਾ ਗਿਆ ਹੈ। ਅਦਾਰਾ ਵਰਿਆਮ ਵਲੋਂ ਹਾਰਦਿਕ ਵਧਾਈ ਅਰਪਿਤ ਹੈ।**

**ਜ. ਸ.**



Sri Satguru Jagjit Singh Ji Elibrary NamdhariElibrary@gmail.com

# ਲੁਧਿਆਣੇ ਵਿਚ ਨਗਰ ਕੀਰਤਨ

ਨਾਮਧਾਰੀ ਸਾਧ ਸੰਗਤ ਲੁਧਿਆਣਾ ਤੇ ਸਰਬ ਹਿੰਦ ਨਾਮਧਾਰੀ ਵਿਦਿਅਕ ਜਥੇ ਦੇ ਪੁਰਸ਼ਾਰਥ ਨਾਲ ਇਸ ਵਾਰੀ ਬਸੰਤ ਪੰਚਮੀ ਦੇ ਅਵਸਰ ਤੇ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੇ ਪੁਰਬ ਤੋਂ ਇਕ ਦਿਨ ਪਹਿਲਾਂ ੧੮ ਜਨਵਰੀ ੧੯੯੩ ਨੂੰ ਲੁਧਿਆਣੇ ਸ਼ਹਿਰ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਸ਼ੀਰਵਾਦ ਨਾਲ ਵੱਡਾ ਨਗਰ ਕੀਰਤਨ ਕਢਿਆ ਗਿਆ। ਜਿਸ ਵਿਚ ਪੰਜਾਬ ਦੇ ਜ਼ਿਲਿਆਂ (ਅੰਮ੍ਰਿਤਸਰ, ਗੁਰਦਾਸਪੁਰ, ਜਲੰਧਰ, ਹੁਸ਼ਿਆਰਪੁਰ, ਸੰਗਰੂਰ, ਕਪੂਰਥਲਾ, ਲੁਧਿਆਣਾ, ਰੋਪੜ, ਫਰੀਦਕੋਟ, ਬਠਿੰਡਾ, ਫਿਰੋਜ਼ਪੁਰ, ਚੰਡੀਗੜ੍ਹ, ਪਟਿਆਲਾ) ਤੋਂ ਇਲਾਵਾ ਮੰਡੀ, ਹਿਮਾਚਲ, ਜੰਮੂ, ਸਰਸਾ, ਹਿਸਾਰ, ਦਿੱਲੀ ਆਦਿਕ ਥਾਵਾਂ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਨਾਮਧਾਰੀਆਂ ਨੇ ਭਾਗ ਲਿਆ। ਸਭ ਇਲਾਕਿਆਂ ਦੇ ਨਗਰਾਂ ਵਿਚੋਂ ਸੰਗਤਾਂ ਬੱਸਾਂ, ਟਰਾਲੀਆਂ, ਟਰੱਕਾਂ, ਜੀਪਾਂ ਤੇ ਆਈਆਂ। ਸ੍ਰੀ ਸਤਿਗੁਰੂ ਰਾਮ ਸਿੰਘ ਪਾਰਕ ਤੋਂ ੨੦੦ ਟਰਾ-ਲੀਆਂ ਤੇ ਆਧਾਰਿਤ ਨਗਰ ਕੀਰਤਨ ਦੀ ਅਗਵਾਈ ਪੰਜ ਸਿੰਘ ਘੋੜਿਆਂ ਤੇ ਸਵਾਰ ਹੱਥਾਂ ਵਿਚ ਚਮਕਦੇ ਖੰਡਿਆਂ ਵਾਲੇ ੫ ਨਿਸ਼ਾਨ ਸਾਹਿਬ ਲੈ ਕੇ ਕਰ ਰਹੇ ਸਨ। ਉਪਰੰਤ ਸ: ਹਰਵਿੰਦਰ ਸਿੰਘ ਜੀ ਹੰਸਪਾਲ ਜਨਰਲ ਸਕੱਤਰ ਸਰਬ ਹਿੰਦ ਨਾਮਧਾਰੀ ਦਰਬਾਰ ਤੇ ਮੈਂਬਰ ਰਾਜ ਸਭਾ ਸ: ਜਗਦੇਵ ਸਿੰਘ ਜਸੋਵਾਲ ਤੇ ਸ੍ਰੀ ਓਮ ਪ੍ਰਕਾਸ਼ ਗੁਪਤਾ ਕਾਂਗਰਸੀ ਵਿਧਾਇਕਾਂ ਕੀਰਤਨੀ ਜਥਿਆਂ, ਗਤਕਾ ਪਾਰਟੀਆਂ, ਸਥਾਨਿਕ ਧਾਰਮਕ ਸੰਸਥਾਵਾਂ ਤੇ ਸਿਆਸੀ ਪਾਰਟੀਆਂ ਨੇ ਭਾਗ ਲਿਆ ਤੇ ਹੋਰ ਪ੍ਰੋਗਰਾਮ [illegible]। ਇਹ ਅਦੁਤੀ ਅਤੇ ਇਤਿਹਾਸਕ ਜਲੂਸ ਲੁਧਿਆਣੇ ਦੇ ਸਭ ਵੱਡੇ ਵੱਡੇ ਬਜ਼ਾਰਾਂ ਤੋਂ ਲੰਘਦਾ ਤੇ ਕੀਰਤਨ ਅਥਵਾ ਹਿੰਦੂ, ਸਿੱਖ, ਮੁਸਲਮਾਨਾਂ, ਸਾਧੂ ਸਮਾਜਾਂ ਦੀ ਸੰਪ੍ਰਦਾਇਕ ਏਕਤਾ ਦੀ ਪ੍ਰਦਰਸ਼ਨੀ ਕਰਦਾ ਹੋਇਆ, ਸਭ ਦਰਸ਼ਕਾਂ ਨੂੰ ਪ੍ਰਭਾਵਤ ਕਰਕੇ ਗੁਰੂ ਰਾਮ ਸਿੰਘ ਪਾਰਕ ਵਿਚ ਜਾ ਕੇ ਸਮਾਪਤ ਹੋਇਆ। ਜਦੋਂ ਕਿ ਜਲੂਸ ਮਾਰਗ ਸਮੇਂ [illegible] ਵਿਚੋਂ ਅਤੇ ਹਵਾਈ ਜਹਾਜ਼ ਰਾਹੀਂ [illegible] ਵਰਖਾ ਵੀ ਕੀਤੀ ਜਾਂਦੀ ਰਹੀ। ਇਹ ਜਲੂਸ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਅਨੁਸਾਰ ੧੦ ਵਜੇ ਆਰੰਭ ਹੋਕੇ ੫ ਵਜੇ ਸ਼ਾਮ ਤਕ ਪੂਰਨ ਨਿਰਵਿਘਨਤਾ ਸਹਿਤ ਸਮਾਪਤ ਹੋਇਆ।

# ਸ੍ਰੀ ਭੈਣੀ ਸਾਹਿਬ ਬਸੰਤ ਉਤਸਵ

੬ ਮਾਘ ਸੰਮਤ ੨੦੪੯ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਚੇ ਪਾਤਸ਼ਾਹ ਦੀ ਹਜ਼ੂਰੀ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ ਪੁਰਬ ਬੜੇ ਉਤਸ਼ਾਹ ਪੂਰਵਿਕ ਮਨਾਇਆ ਗਿਆ।

ਅੰਮ੍ਰਿਤ ਵੇਲੇ ਸੰਤ ਖਜਾਨ ਸਿੰਘ, ਹਰਬੰਸ ਸਿੰਘ, ਬਲਜੀਤ ਸਿੰਘ ਤਾਰ ਸ਼ਹਿਨਾਈ ਵਾਦਿਕ ਤੇ ਸੁਖਵਿੰਦਰ ਸਿੰਘ (ਪਿੰਕੀ) ਤਬਲਾ ਵਾਦਿਕ ਉਸਤਾਦ ਸ: ਅਵਤਾਰ ਸਿੰਘ ਤੇ ਸ: ਮਹਿੰਦਰ ਸਿੰਘ ਜੀ ਅੰਮ੍ਰਿਤਸਰ ਆਦਿਕਾਂ ਸ੍ਰੀ ਸਤਿਗੁਰੂ ਜੀ ਤੇ ਸ੍ਰੀ ਮਹਾਰਾਜ ਜੀ ਦੇ ਸਹਿਯੋਗ ਨਾਲ ਆਸਾ ਦੀ ਵਾਰ ਦਾ ਰਸ ਭਿੰਨਾ ਕੀਰਤਨ ਕੀਤਾ।

ਫਿਰ ਜ. ਸੰਤੋਖ ਸਿੰਘ ਵਰਿਆਂਹ ਤੇ ਜ. ਨਿਰਮਲ ਸਿੰਘ ਜੀ ਅੰਮ੍ਰਿਤਸਰ ਅਥਵਾ ਸ੍ਰੀਮਾਨ ਪੰਡਤ ਗੁਪਾਲ ਸਿੰਘ ਜੀ ਨੇ ਕ੍ਰਮਵਾਰ ਹਲੇ ਦੇ ਦੀਵਾਨ ਲਾਕੇ ਸੰਗਤਾਂ ਨੂੰ ਨਿਹਾਲ ਕੀਤਾ।

੧ ਘੰਟਾ ਨਾਮ ਸਿਮਰਨ ਤੇ ਬਾਅਦ ਵਿਚ ਰਾਗੀਆਂ ਨੇ ਬਸੰਤ ਰਾਗ ਵਿਚ ਬਹੁਤ ਰਸਦਾਇਕ ਕੀਰਤਨ ਕੀਤਾ। ਏਸੇ ਹੀ ਸਮੇਂ ਸ੍ਰੀ ਜਗਦੀਸ਼ ਸਿੰਘ ਜੀ ਐਡੀਟਰ ਵਰਿਆਮ ਡਾ: ਪ੍ਰਤਾਪ ਸਿੰਘ ਜੀ ਤੇ ਸ੍ਰੀ ਬਹਿਲ ਜੀ ਨੇ ਬੜੇ ਭਾਵਪੂਰਤ ਸ਼ਬਦਾਂ ਦੁਆਰਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਉਪਕਾਰਾਂ ਅਤੇ ਨਾਮਧਾਰੀ ਪੰਥ ਦੀ ਮਹਾਨਤਾ ਉਤੇ ਰੌਸ਼ਨੀ ਪਾਈ।

ਇਸ ਸਮੇਂ ਸ੍ਰੀ ਸਤਿਗੁਰੂ ਜੀ ਨੇ ਪਵਿਤਰ ਉਪਦੇਸ਼ ਦੁਆਰਾ ਸਭਨਾਂ ਨੂੰ ਅੰਮ੍ਰਿਤ ਵੇਲੇ ਸਣੇ ਕੇਸੀ ਇਸ਼ਨਾਨ ੧ ਘੰਟਾ ਨਾਮ ਸਿਮਰਨ ਤੇ ਹਰ ਪ੍ਰਵਾਰ ਨੂੰ ਪ੍ਰਤੀ ਮਹੀਨਾ ੧ ਸਾਧਾਰਨ ਪਾਠ ਕਰਨ ਅਥਵਾ ਜਿਹੜੇ ਕੋਈ ਸਜਨ ਕਿਸੇ ਕਾਰਨ ਦਾੜੀ ਬੰਨਦੇ ਹਨ ਦੀਵਾਨ ਵਿਚ ਦਾੜ੍ਹਾ ਖੋਹਲ ਕੇ ਆਉਣ ਦਾ ਹੁਕਮ ਦਿਤਾ। ਜਦੋਂ ਕਿ ਸਚੇ ਪਾਤਸ਼ਾਹ ਜੀ ਨੇ ਆਮ ਤੌਰ ਤੇ ਸਭ ਨੂੰ ਦਾੜ੍ਹਾ ਰਖਣ ਦੀ ਪ੍ਰੇਰਨਾ ਦਿਤੀ।

ਰਾਗੀਆਂ ਦੇ ਦੀਵਾਨ ਤੋਂ ਬਾਦ ਸਿਮ੍ਰਤੀ ਮੰਦਰ ਵਿਚ ਜ. ਇੰਦਰ ਸਿੰਘ, ਜ. ਨਿਰੰਜਨ ਸਿੰਘ ਜੀ ਕਕੜ, ਸੰਤ ਜੀਊਣ ਸਿੰਘ ਜੀ ਕਵੀਸ਼ਰ, ਪ੍ਰੀਤਮ ਸਿੰਘ ਕਰੀਵਾਲ ਕਵੀਸ਼ਰ, ਸ੍ਰੀ ਦਲੀਪ ਸਿੰਘ ਮੁਹਾਵਾ, ਜ. ਨਿਰੰਜਨ ਸਿੰਘ ਟਮਕੌਡੀ, ਜ. ਧਰਮ ਸਿੰਘ ਦਿੱਲੀ ਆਦਿਕ ਜਥੇਦਾਰਾਂ ੬ ਵਜੇ ਸ਼ਾਮ ਤੋਂ ੨ ਵਜੇ ਸਵੇਰੇ ਤਕ ਕ੍ਰਮਵਾਰ ਦੀਵਾਨ ਲਾਏ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਉਪ੍ਰੰਤ ੯ ਅਨੰਦ ਕਾਰਜ ਕੀਤੇ ਗਏ ਤੇ ੩੮ ਸਾਧਾਰਨ ਪਾਠਾਂ ਦੇ ਭੋਗ ਪਾਕੇ ਇਸ ਸਮਾਗਮ ਦੀ ਸਮਾਪਤੀ ਕੀਤੀ ਗਈ।

—ਅ: ਸ: ਸ:

Sri Satguru Jagjit Singh Ji Elibrary NamdhariElibrary@gmail.com

ਸਿਲਸਲੇਵਾਰ

# ਬੀਤੇ ਦੀਆਂ ਪੈੜਾਂ

—ਪ੍ਰੀਤਮ ਸਿੰਘ ਕਵੀ



ਸਤਿਗੁਰੂ ਜਗਜੀਤ ਸਿੰਘ ਜੀ

### ਮੁੜ ਪਹਿਲਾ ਪਰਸੰਗ

ਪੈੜਾਂ ਦੇ ਇਸ ਹਿਸੇ ਤੋਂ ਪਹਿਲਾ ਭਾਗ ਨਵੰਬਰ ੧੯੮੨ ਦੇ ਵਰਿਆਮ ਵਿਚ ਪ੍ਰਕਾਸ਼ਤ ਹੋਇਆ ਸੀ। ਹੁਣ ਵਾਲੀ ਲਿਖਤ ਦਾ ਹਥ ਲਿਖਤ ਖਰੜਾ ਵਸੋਂ ਬਾਹਰੀਆਂ ਗਲਾਂ ਕਾਰਨ ਉਪਲਭਦ ਨਹੀਂ ਸੀ ਹੋਇਆ। ਅਤੇ ਉਸ ਉਸ ਤੋਂ ਬਾਦ ਵਾਲੀ ਲਿਖਤ ਪ੍ਰਕਾਸ਼ਤ ਹੁੰਦੀ ਰਹੀ। ਇਹ ਖਰੜਾ ਹੁਣ ਪ੍ਰਾਪਤ ਹੋ ਗਿਆ ਹੈ ਅਤੇ ਨਵੰਬਰ ੧੯੮੨ ਅੰਕ ਤੋਂ ਅਗੇ ਇਹ ਲੜੀ ਜੁੜਦੀ ਹੈ। ਪਾਠਕ ਮੁੜ ਪਹਿਲੇ ਪਰਸੰਗ ਵਿਚ ਹੀ ਇਸ ਨੂੰ ਵਾਚਣ। ਅਸੁਵਿਧਾ ਲਈ ਖਿਮਾ ਯਾਚਨਾ ਹੈ......

—ਸੰਪਾਦਕ

### ੭ ਮਾਰਚ ੧੯੭੯ ਮੰਗਲਵਾਰ
### ਨਾਮਧਾਰੀ ਫਾਰਮਜ਼ (ਗੋਲਾ)

ਸਤਿਗੁਰੂ ਜੀ ਨੇ ਆਸਾ ਦੀ ਵਾਰ ਦਾ ਬਹੁਤਾ ਕੀਰਤਨ ਅੱਜ ਆਪ ਹੀ ਕੀਤਾ। ਸੰਗੀਤਕਾਰ ਬੱਰੇ ਲੇਟ ਪਹੁੰਚੇ। ਵਾਰ ਦਾ ਭੋਗ ਪਾ ਸ੍ਰੀ ਹਜ਼ੂਰ ਪੈਦਲ ਹੀ ਕੁਛ ਸਰੀਰਾਂ ਨਾਲ ਸੰਤ ਦਲੀਪ ਸਿੰਘ ਕੱਕੜ (ਸੰਤ ਨਗਰ) ਦੇ ਫਾਰਮ ਤੇ ਪਹੁੰਚੇ। ਚਰਨ ਪਾਉਣ ਹਿਤ ਬੇਨਤੀ ਕੀਤੀ ਗਈ ਸੀ। ਇਹ ਫਾਰਮ ਨਾਮਧਾਰੀ ਫਾਰਮ ਦੀ ਪਛਮੀ ਬਾਹੀ ਦੇ ਨਾਲ ਹੀ ਲਗਦਾ ਹੈ।

ਪਿੰਕੀ ਸੁਖਵਿੰਦਰ ਸਿੰਘ ਦੀ ਹਾਲਤ ਅੱਜ ਠੀਕ ਹੈ। ਬਿਨਾ ਕਿਸੇ ਦਵਾਈ ਤੋਂ, ਖੁਰਾਕ ਦੇ ਰੂਪ ਵਿਚ ਕੇਵਲ ਦੁਧ ਦੇ ਕੇ ਅਤੇ ਦਿਨ ਵਿਚ ਇਕ ਦੋ ਵਾਰ ਪੇਕ ਕਰਕੇ, ਕਾਕੜੇ-ਲਾਕੜੇ ਤੋਂ ਇਸ ਨੂੰ ਆਰਾਮ ਦਿਵਾਇਆ ਗਿਆ ਹੈ। ਅੱਜ ਸਵੇਰੇ ਠਾਕਰ ਦਲੀਪ ਸਿੰਘ ਜੀ ਪੁਛਿਆ : ਮਾਂ ਤਾਂ ਯਾਦ ਨਹੀਂ ਆਉਂਦੀ ?

"ਨਹੀਂ ਜੀ !"

"ਤਾਂ ਸਾਡਾ ਧਿਆਨ ਰਖਿਆ ਸਫਲ ਹੋ ਗਿਆ।"

ਸਾਡੀ ਛੱਤ ਤੋਂ ਅਤੀ ਸੁੰਦਰ ਦਿਸਦੇ ਚੜ੍ਹਦੇ ਸੂਰਜ ਦੀ ਫੋਟੋਗ੍ਰਾਫ਼ੀ ਕਰਕੇ ਉਤਰਦਿਆਂ ਮੈਂ ਠਾਕੁਰ ਜੀ ਨੂੰ ਪੁਛਿਆ : ਤੁਸੀਂ ਰੋਜ਼ਾਨਾ ਕਿੰਨੀਆਂ ਬਾਣੀਆਂ ਦਾ ਨੇਮ ਨਾਲ ਪਾਠ ਕਰਦੇ ਓ ? ਉਹਨਾਂ ਦੱਸਿਆ : ਅਜ ਕਲ੍ਹ ਮੇਰੀ ਤਬੀਅਤ ਕੁਝ ਢਿੱਲੀ ਰਹਿੰਦੀ ਹੈ। ਠੀਕ ਹੋਵਾਂ ਤਾਂ ੭-੮ ਬਾਣੀਆਂ ਦਾ ਰੋਜ਼ਾਨਾ ਪਾਠ ਕਰਦਾ ਹਾਂ ਪਰ ਭਜਨ ਕਰਨਾ ਤਾਂ ਮੇਰਾ ਨੇਮ ਅਨੁਸਾਰ ਆਹੁਕ ਚਲਦਾ ਹੈ। ਮੈਨੂੰ ਯਾਦ ਆਇਆ ਸਾਡੇ ਬਚਪਨ ਵਿਚ ਵਰਤਮਾਨ ਸਤਿਗੁਰੂ ਜੀ ਤਾਂ ਰੋਜ਼ਾਨਾ ੭ ਬਾਣੀਆਂ ਦਾ ਪਾਠ ਜ਼ਰੂਰ ਕਰਦੇ। ਮਹਾਰਾਜ ਬੀਰ ਸਿੰਘ ਪੰਜ ਬਾਣੀਆਂ ਦੇ ਨੇਮੀ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਮੁਕਰਰ ਸੇਵਾਦਾਰ ਇਸ ਨਿਤਨੇਮ ਵਿਚ ਢਿਲਾਈ ਨਹੀਂ ਸੀ ਆਉਣ ਦਿੰਦੇ।

੮ ਵਜੇ ਦਿਨੇ ਮੈਂ ਗੁਰੂ ਕੇ ਡੇਰੇ ਵਲ ਗਿਆ ਤਾਂ



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜੀ ਦਾ ਸਕੱਤਰ ਸੰਤ ਤਰਸੇਮ ਸਿੰਘ ਮਿਲਿਆ ਉਸ ਦਸਿਆ ਕਿ ਮੇਰੇ ਲਈ ਸਤਿਗੁਰੂ ਜੀ ਆਗਿਆ ਕੀਤੀ ਹੈ ਕਿ ਮੈਂ ੨੦-੨੧ ਮਾਰਚ ਨੂੰ ਭੈਣੀ ਸਾਹਿਬ ਜ਼ਰੂਰ ਪਹੁੰਚਾਂ ਤੇ ੨੭ ਮਾਰਚ ਤਕ ਓਥੇ ਹੀ ਰਹਿਣ ਦਾ ਮਨ ਬਣਾਕੇ ਆਵਾਂ।

ਬੀਬੀ ਪ੍ਰੀਤਮ ਕੌਰ ਢੋਟੀਆਂ ਵਾਲੀ ਨੇ ਅਜ ਜਦੋਂ ਪ੍ਰਸ਼ਾਦ ਛਕਣ ਸਮੇਂ ਮੈਨੂੰ ਬੂੰਦੀ ਦੀ ਕੌਲੀ ਦਿਤੀ ਤਾਂ ਮੈਂ ਕਾਰਨ ਪੁਛਿਆ। ਇਹ ਉਚੇਚ ਕਿਉਂ ! ਉਸ ਦੱਸਿਆ ਕਿ ਕੱਲ ਸਾਰੀ ਸੰਗਤ ਨੂੰ ਹੀ ਬੂੰਦੀ ਰਜਵੀਂ ਵਰਤਾਈ ਗਈ ਸੀ ਤੇ ਅੱਜ, ਤੁਸਾਂ ਜਿਨ੍ਹਾਂ ਨਹੀਂ ਛਕੀ, ਉਹਨਾਂ ਨੂੰ ਕਿਉਂ ਨ ਮਿਲੇ। ਯਾਦ ਰਹੇ ਕਿ ਗੁਰੂ ਕੇ ਲੰਗਰ ਵਿਚ ਕੇਵਲ ਦੇਸੀ ਘਿਉ ਹੀ ਵਰਤਿਆ ਜਾਂਦਾ ਹੈ, ਭਾਵੇਂ ਸਬਜ਼ੀ ਬਣੇ ਭਾਵੇਂ ਕੜਾਹ ਪ੍ਰਸ਼ਾਦ। ਬੂੰਦੀ ਬਣੇ ਜਾਂ ਜਲੇਬੀਆਂ ਤਿਆਰ ਹੋਣ। ਧਰਮ ਪਾਲ ਮੰਡੀ ਨੇ ਦਸਿਆ ਕਿ ਬੂੰਦੀ ਦਾ ਲੰਗਰ ਬੀਬੀ ਪ੍ਰੀਤਮ ਕੌਰ ਨੇ ਹੀ ੭੫੦/- ਖਰਚ ਕੇ ਕੀਤਾ ਹੈ। ਏਥੇ ਰਹਿਣ ਵਾਲੇ ੭੫ ਸਰੀਰ ਤਾਂ ਇਸ ਨੂੰ ਕਈ ਵਾਰ ਛਕ ਸਕਣਗੇ।

ਗੁਰਨੇਕ ਸਿੰਘ ਅਤੇ ਮੈਂ ਸੜਕ ਬਣਦੀ ਵੇਖਣ ਜਾ ਰਹੇ ਸਾਂ ਕਿ ਸਤਿਗੁਰੂ ਜੀ ਓਧਰੋਂ ਪਰਤਦੇ ਕੋਲ ਆ ਗਏ। ਅਸੀਂ ਵੀ ਨਾਲ ਹੀ ਮੁੜ ਪਏ। ਅਗੋਂ ਸੰਤ ਦਿਆਲ ਸਿੰਘ ਮੁਹੱਡੇ ਨੂੰ ਆਉਂਦਿਆਂ ਵੇਖ ਸਤਿਗੁਰੂ ਜੀ ਨੇ ਵਿਨੋਦ ਕੀਤਾ : ਸਾਡੀਆਂ ਬੈਂਗਲੋਰ ਵਾਲੀਆਂ ਮੱਝਾਂ ਦਿਆਲ ਸਿੰਘ ਵਾਂਗ ਬੜਾਂ ਰਾਜ਼ੀ (ਜੁੱਸਿਓਂ ਤਕੜੀਆਂ) ਹਨ। ਸਣੇ ਦਿਆਲ ਸਿੰਘ ਦੇ, ਸੁਣਨ ਵਾਲੇ ਖਿੜ ਖਿੜਾ ਕੇ ਹੱਸ ਪਏ।

੧੦ ਮਾਰਚ ਨੂੰ ਜਿਨ੍ਹਾਂ ਵਿਅਕਤੀਆਂ ਨੇ ਜਿਸ ਤਰ੍ਹਾਂ ਜਾਣਾ ਹੈ ਉਸਦਾ ਪ੍ਰੋਗਰਾਮ ਸਤਿਗੁਰੂ ਜੀ ਨੇ ਆਪਣੇ ਸਕੱਤਰ ਨੂੰ ਬਣਾ ਦਿਤਾ। ਗੁਰਨੇਕ ਸਿੰਘ ਨੂੰ ਬੜੀ ਉਮੀਦ ਸੀ, ਅਤੇ ਉਹਦਾ ਜੀ ਵੀ ਕਰਦਾ ਸੀ ਕਿ ਉਹ ਸਾਡੇ (ਮੇਰੇ ਅਤੇ ਸੰਗੀਤ ਪਾਰਟੀ) ਨਾਲ ਮਾਟਾਡੋਰ ਤੇ ਜਾਵੇ ਪਰ ਉਸਨੂੰ ਰੇਲ ਯਾਤਰਾ ਕਰਨ ਦੀ ਹੀ ਆਗਿਆ ਹੋਈ।

**ਬਾਬਾ ਅਰੂੜ ਸਿੰਘ**

ਏਥ ਇਕ ਥੋਰ ਤੇ ਮੇਰੇ ਅਤੇ ਗੁਰਨੇਕ ਸਿੰਘ ਦੇ ਬੈਠਿਆਂ ਬਾਬਾ ਅਰੂੜ ਸਿੰਘ ਕੋਲ ਆ ਬੈਠਾ ਅਤੇ ਹੱਡ ਬੀਤੀਆਂ ਸੁਨਾਣ ਲਗਾ। ਉਸਦਾ ਸੰਖੇਪ ਇਹ ਹੈ : ਬਾਬਾ ਅਰੂੜ ਸਿੰਘ ਸ. ਮੱਖਣ ਸਿੰਘ ਪਿੰਡ ਸੁਰ ਸਿੰਘ (ਅੰਮ੍ਰਿਤਸਰ) ਦਾ ਲੜਕਾ ਹੈ। ਇਸ ਨੇ ਸੰਤ ਹਜ਼ੂਰਾ ਸਿੰਘ ਭੂਰੀ ਵਾਲਿਆਂ ਤੋਂ ਭਜਨ ਪੁਛਿਆ ਸੀ। ਪਿੰਡ ਰਹਿੰਦਿਆਂ ਕੁਸੰਗਤ ਦੇ ਢਹੇ ਚੜ੍ਹ ਸ਼ਰਾਬ ਪੀਣੀ ਸ਼ੁਰੂ ਕਰ ਦਿਤੀ। ਕਪੜੇ ਕਦੇ ਨਾਮਧਾਰੀਆਂ ਵਾਲੇ ਪਾ ਲੈਣੇ, ਕਦੇ ਚਾਦਰਾ ਬੰਨ੍ਹ ਲੈਣਾ। ਪਾਕਿਸਤਾਨ ਬਣਨ ਪਿਛੋਂ ਸੁਰ ਸਿੰਘ ਦੇ ਮੁਸਲਮਾਨ ਕੁਝ ਕੱਟੇ ਵੱਢੇ ਗਏ, ਕੁਛ ਪਾਕਿਸਤਾਨ ਚਲੇ ਗਏ, ਇਹਨਾਂ ਦੇ ਘਰ ਨਾਲ ਲਗਦੀ ਜ਼ਮੀਨ ਉਤੇ ਕੋਠੇ-ਮਹਲਿਆ ਦੇ ਬੂਹੇ ਬਾਰੀਆਂ ਉਖੇੜ ਮਿੱਟੀ ਦੇ ਬਣੇ ਕੋਠੇ ਢਾਹ ਮਹੱਲਾ ਸਾਫ਼ ਕਰ ਦਿਤਾ।

ਸਬਬ ਨਾਲ ਅਰੂੜ ਸਿੰਘ ਦੇ ਮਕਾਨ ਦਾ ਬੂਹਾ ਵਿਹਲੇ ਹੋਏ ਮੈਦਾਨ ਵਲ ਹੀ ਖੁਲ੍ਹਦਾ ਸੀ। ਇਸਦੇ ਮੁਖਾਲਫ਼ਾਂ ਦੀ ਚੁੱਕ ਵਿਚ ਆਕੇ ਸਰਕਾਰੀ ਅਧਿਕਾਰੀ ਨੇ ਇਸ ਦੇ ਨਾਂ ਢਹਿਣ-ਢਹਾਈ ਲਾਕੇ, ਪੰਜਾਹ ਹਜ਼ਾਰ ਰੁਪੈ ਦਾ, ਸਰਕਾਰੀ ਤੌਰ ਤੇ ਕਲੇਮ ਕਰ ਦਿਤਾ। ਇਹ ਲੁਕਦਾ ਫਿਰੇ।

ਇਕ ਦਿਨ ਮਾਂ ਨੇ ਆਖਿਆ : ਕਾਕਾ ! ਪੁਲੀਸ ਵਾਲੇ ਸਾਨੂੰ ਰੋਜ਼ ਪੁਛਦੇ-ਪੁਛਾਂਦੇ ਨੇ, ਫੇਰ ਜੁ ਖੱਜਲ ਖੁਆਰ ਕਰਨਗੇ ਜਾ ਪੁਲੀਸਆਂ ਦੇ ਮੱਥੇ ਲਗ। ਇਹ ਪਹਿਲਾਂ, ਪਿੰਡ ਦੇ ਦੋ ਨੰਬਰਦਾਰਾਂ ਨੂੰ ਲੈ ਕੇ ਸਰਕਾਰੀ ਕਾਰਿੰਦਿਆਂ ਨੂੰ ਮਿਲਿਆ ਸੀ। ਪਰ ਅਧਿਕਾਰੀਆਂ ਨੇ ਉਹਨਾਂ ਦੀ ਗੱਲ ਨਹੀਂ ਸੀ ਮੰਨੀ।

ਇਹਨੇ ਇਕ ਦਿਨ ਜਿਗਰਾ ਕਰ ਲਿਆ ਠਾਣੇਦਾਰ ਨੂੰ ਮਿਲਣ ਦਾ। ਠਾਣੇਦਾਰ ਬੜਾ ਕੱਬਾ ਤੇ ਨਿਰਦਈ ਸੀ। ਇਹ ਡਰਦਾ ਵੀ ਸੀ ਕਿ ਜਿਉਂ ਹੀ ਇਹ ਠਾਣੇ ਗਿਆ ਪਹਿਲਾਂ ਤਾਂ ਚੰਗਾ ਕੁਟਾਪਾ ਚੜ੍ਹੇਗਾ ਫੇਰ ਕੋਈ ਗੱਲ ਕਰਨਗੇ ਜਾਂ ਫਿਰ ਤਕੜੀ ਵੱਢੀ ਚੱਟੀ ਦੇਣੀ ਪਵੇਗੀ।

ਇਸਨੂੰ ਪਤਾ ਲਗਾ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਦੌਰਾ ਪਿੰਡ ਪੱਧਰੀ ਆਉਣਾ ਹੈ। ਇਹਨੇ ਇਰਾਦਾ ਕਰ ਲਿਆ ਕਿ ਪਹਿਲਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਕਰ ਆਵੇ ਫੇਰ ਹੀ ਪੁਲਿਸ ਵਾਲਿਆਂ ਦੇ ਜਾਵੇ।

ਪੱਧਰੀ ਜ਼ਿਲਾ ਅੰਮ੍ਰਿਤਸਰ ਵਿਚ ਮਾਈ ਪੱਧਰੀ ਵਾਲੀ ਤੇ ਸ੍ਰ. ਹਰਨਾਮ ਸਿੰਘ ਕੇ ਘਰ ਮੇਲਾ ਸੀ। ਸਤਿਗੁਰੂ ਜੀ ਏਥੇ ਦਰਸ਼ਨ ਦੇ ਰਹੇ ਸਨ। ਇਹ ਚਾਦਰਾ ਬੰਨੀ ਹੀ ਗੁਰੂ ਚਰਨਾਂ ਵਿਚ ਜਾ ਮੱਥਾ ਟੇਕਿਆ। ਸਤਿਗੁਰਾਂ ਪੁਛ ਲਿਆ : ਜਵਾਨਾਂ ਕਿਥੋਂ ?

"ਸੁਰ ਸਿੰਘ ਤੋਂ ਜੀ !"

"ਅੱਛਾ ਕੋਈ ਗੱਲ ਕਰਨੀ ਹੈ ?"



Sri Satguru Jagjit Singh Ji Elibrary NamdhariElibrary@gmail.com

ਇਸਨੇ ਅਰਜ਼ ਕੀਤੀ, ਹੱਥ ਜੋੜ ਕੇ : ਦੀਨ ਦਿਆਲ ਜੀ ਕਿਰਪਾ ਕਰਕੇ ਸਾਡੇ ਘਰ ਚਰਨ ਪਾਓ ।

ਸਤਿਗੁਰੂ ਜੀ ਨੇ ਉਸਨੂੰ ਸ਼ਰਹ ਸ਼ਰੀਅਤ ਦੀ ਕੋਈ ਗੱਲ ਨਹੀਂ ਪੁੱਛੀ । ਮਿਹਰ ਦੇ ਘਰ ਆ ਗਏ । ਫ਼ਰਮਾਣ ਲਗੇ : ਘਰ ਤਾਂ ਅਸੀਂ ਜਾ ਨਹੀਂ ਸਕਣਾ । ਸੜਕ ਤੇ ਖਲੋਵੀਂ । ਤੇਰੇ ਪਿੰਡੋਂ ਹੋ ਕੇ ਲੰਘਾਂਗੇ ।

ਇਹ ਭਾਈ ਚਾਵਾਂ ਮੱਤਾ ਘਰ ਗਿਆ । ਘਰ ਵਾਲਿਆਂ ਤੇ ਮਿਤਰਚਾਰੇ ਨੂੰ ਸਤਿਗੁਰਾਂ ਦੇ ਪਿੰਡ ਆਉਣ ਦੀ ਗੱਲ ਦੱਸੀ । ਸੜਕ ਤੇ ਹੀ ਚੰਦੋਆ ਤਾਣ, ਹੇਠ ਮੰਜਾ ਵਿਛਾ ਦਿਤਾ । ਥਾਣਾ ਵੀ ਕੋਲ ਹੀ ਸੀ । ਠਾਣੇਦਾਰ ਨੇ ਵੇਖਕੇ ਬੰਦਾ ਭਜਾਇਆ : ਜਾਓ ਪਤਾ ਕਰੋ, ਇਹ ਕੀ ਪਾਖੰਡ ਹੋ ਰਿਹਾ ਹੈ । ਇਸ ਤੋਂ ਪਹਿਲੋਂ ਕਿ ਪੁਲਿਸ ਵਾਲਾ ਇਸਨੂੰ ਕੁਝ ਪੁਛਦਾ ; ਸਤਿਗੁਰੂ ਪ੍ਰਤਾਪ ਸਿੰਘ ਜੀ ਅਲੌਕਿਕ ਜਲਾਲ ਨਾਲ ਦਗ ਦਗ ਕਰਦੇ ਚਿਹਰੇ ਨਾਲ ਆਪਣੇ ਸੇਵਕਾਂ ਸਮੇਤ ਉਥੇ ਹੀ ਆ ਪਹੁੰਚੇ ।

ਉਹ ਭਾਪਾ ਸਿੱਖ ਠਾਣੇਦਾਰ ਇਹਨਾਂ ਨੂੰ ਜਾਣਦਾ ਸੀ ਜਾਂ ਨਾ ਪਰ ਅਦਬ ਲਈ ਠਾਣਿਓਂ ਨਿਕਲ ਆਇਆ । ਬੂਟ ਲਾਹ ਕੇ ਪੰਜ ਰੁਪਏ ਦਾ ਨੋਟ ਚਰਨਾਂ ਤੇ ਰਖ ਉਸ ਸਤਿਗੁਰੂ ਜੀ ਨੂੰ ਪੂਰੇ ਸਤਿਕਾਰ ਨਾਲ ਮੱਥਾ ਟੇਕਿਆ ਸੱਚੇ ਪਾਤਸ਼ਾਹ ਮੰਜੇ ਵਲ ਵੇਖ ਖਲੇ ਖਲੋਤੇ ਹੀ ਠਾਣੇਦਾਰ ਨਾਲ ਕੁਛ ਜਾਣਕਾਰੀ ਲੈਣ ਦੇਣ ਦੇ ਇਰਾਦੇ ਨਾਲ ਬਚਨ ਕਰਨ ਲਗੇ । ਅਖੀਰ ਉਤੇ ਬਚਨ ਕੀਤਾ : ਤੁਹਾਡੀ ਡਿਊਟੀ ਬੜੀ ਹੋਰ ਤਰ੍ਹਾਂ ਦੀ ਹੈ । ਤੁਸੀਂ ਮਾਰ ਕੁੱਟ ਵੀ ਲੈਂਦੇ ਓ ਪਰ ਵੇਖਿਓ ਗਰੀਬ ਮਾਰ ਨਾ ਕਰਨੀ । ਸੰਭਾਲ ਕੇ ਮਾੜਿਆਂ ਨਾਲ ਵਰਤਿਆ ਕਰੋ ।

ਅਰੂੜ ਸਿੰਘ ਤੋਂ ਸਰੀ ਬਣੀ ਭੇਟਾ ਪਰਵਾਨ ਕਰਕੇ ਸਤਿਗੁਰੂ ਜੀ ਤਾਂ ਮਿਥੇ ਪ੍ਰੋਗਰਾਮ ਅਨੁਸਾਰ ਅਗੇ ਲੰਘ ਗਏ । ਏਧਰ ਠਾਣੇਦਾਰ ਤੇ ਪਤਾ ਨਹੀਂ ਕੀ ਜਾਦੂ ਪਾ ਗਏ ਕਿ ਉਸਨੇ ਇਸਨੂੰ ਸੱਦਿਆ ਤੇ ਨਾਲ ਹੀ ਆਪਣੇ ਮੁਹੱਰਰ ਨੂੰ ਬੁਲਾਇਆ । ਇਸਦੇ ਕਾਗਜ਼ ਮੰਗਵਾਏ, ਕੁਝ ਲਿਖਾ ਪੜ੍ਹੀ ਕੀਤੀ ਤੇ ਇਸਨੂੰ ਆਖਿਆ : ਜਾਹ ਪਰਵਾਹ ਨ ਕਰ, ਜੇ ਕੋਈ ਹੋਰ ਘਰ ਵਲੀ ਦਾ ਈ ਤਾਂ ਵੱਲ ਲੈ, ਤੇਰੀ ਵਾ ਵਲ ਕੋਈ ਨਹੀਂ ਵੇਖਦਾ । ਇਸਦੀ ਜਾਨ ਵਿਚ ਜਾਨ ਆਈ । ਪੁਲਸੀਏ ਇਸਦੇ ਯਾਰ ਬਣ ਗਏ । ਹੁਣ ਸਗੋਂ ਹੋਰ ਲੋਕਾਂ ਵੀ ਇਸ ਰਾਹੀਂ ਸਿਫ਼ਾਰਸ਼ਾਂ ਪਵਾਣੀਆਂ ਸ਼ੁਰੂ ਕਰ ਦਿਤੀਆਂ ।



ਸ੍ਰ. ਪ੍ਰੀਤਮ ਸਿੰਘ ਕਵੀ

ਦੂਜੀ ਘਟਨਾ ਇਸੇ ਦੀ ਜ਼ਬਾਨੀ ਸੁਣੀਏ : ਮੈਨੂੰ ਸ਼ਰਾਬ ਪੀਣ ਦੀ ਚੰਦਰੀ ਆਦਤ ਪੈ ਚੁਕੀ ਸੀ । ਰਾਤ, ਪੀਕੇ ਸੌਣਾ, ਦਿਨੇ ਹੋਰ ਲਈ ਦੌੜਨਾ । ਮੂਰਖਾ ਵਾਂਗ ਠੇਕੇ ਦੀ ਪਰਕਰਮਾ ਕਰਦੇ ਫਿਰਨਾ । ਠੇਕੇ ਵਾਲਿਆਂ ਮੇਰੇ ਪਾਸੋਂ ਪੈਸੇ ਲੈਣੇ ਤੇ ਮੈਨੂੰ ਟਿਚਰਾਂ ਕਰਨੀਆਂ । ਮੈਂ ਇਹ ਬੇਹੁਰਮਤੀ ਭੇੜੇ ਲੱਤ ਪਿਛੇ ਕਰਨੀ । ਡੱਕਾ ਭੰਨ ਕੇ ਦੂਹਰਾ ਨ ਕਰਨਾ; ਵਿਹਲੀ ਧੌਂਸ ਸਾਰੇ ਟੱਬਰ ਤੇ ਜਮਾਣੀ । ਮੈਨੂੰ ਇਹ ਵੀ ਸ਼ਰਮ ਨਾ ਆਉਣੀ ਕਿ ਮੈਂ ਕੂਕਿਆਂ ਵਾਲੇ ਕਪੜੇ ਪਾ ਕੇ ਧੌਲੀ ਦਾੜੀ ਨਾਲ ਸ਼ਰਾਬ ਪਿਛੇ ਲਾਲਾਂ ਡੇਗਦਾ ਫਿਰਦਾ ਹਾਂ ।

ਮੈਨੂੰ ੧੫-੧੬ ਸਾਲ ਯੂ. ਪੀ. ਦੇ ਜੰਗਲਾਂ ਕੋਲ ਰਹਿੰਦਿਆਂ ਹੋ ਗਏ ਨੇ । ਇਕ ਦਿਨ ਕੀ ਹੋਇਆ ਮੈਂ ਜੰਗਲ ਦੇ ਨੇੜਿਓਂ ਕਿਸੇ ਪਿੰਡੋਂ ਸ਼ਰਾਬ ਲਿਆਉਣ ਲਈ ਬਲੈਡਰ ਲੈਕੇ ਸਾਈਕਲ ਤੇ ਘਰੋਂ ਨਿਕਲਿਆ । ਜਾਣ ਤੋਂ ਪਹਿਲੋਂ ਅਕਲ ਦੀ ਗੱਲ ਮੈਥੋਂ ਕਿਵੇਂ ਹੋ ਗਈ, ਪਤਾ ਨਹੀਂ । ਪਰ ਮੈਂ ਘਰ ਰੱਖੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਤਸਵੀਰ ਅਰਦਾਸ ਅਗੇ ਕੀਤੀ : "ਰਛਿਆ ਰਿਆਇਤ ਸਭ ਥਾਂ ਕਰਨੀ ।" ਅਤੇ ਫਿਰ ਜਾਕੇ ਸ਼ਰਾਬ ਖਰੀਦ ਕੇ ਬਲੈਡਰ ਭਰ ਨਿਧੜਕ ਹੋ ਕੇ ਸਾਈਕਲ ਦੇ ਕੈਰੀਅਰ ਪਿਛੇ ਰਖ ਲਿਆ ।

ਅਤੇ ਥੋੜਾ ਹੀ ਚੱਲਿਆ ਸਾਂ ਕਿ ਮਗਰੋਂ ਪੁਲਿਸ ਦੀ ਜੀਪ ਆ ਗਈ । ਉਹਨਾਂ ਮੇਰੇ ਅਗੇ ਕਰਕੇ ਖਲਿਹਾਰ ਲਈ । ਠਾਣੇਦਾਰ ਨੇ ਪੁਛਿਆ : ਕੀ ਆ ?

"ਸ਼ਰਾਬ ਏ ਜੀ !"



Sri Satguru Jagjit Singh Ji Elibrary NamdhariElibrary@gmail.com

"ਕਿਥੇ ਚੱਲਿਆ ਏਂ ?"

"ਗੋਲੇ !"

"ਵੇਚਣ ?"

"ਨਹੀਂ ਜੀ, ਪੀਣ। ਪੀਤੇ ਬਿਨਾ ਰਹਿ ਨਹੀਂ ਹੁੰਦਾ।"

ਪੁਲੀਸ ਵਾਲਿਆਂ ਸਾਈਕਲ ਤੇ ਬਲੈਡਰ ਜੀਪ ਤੇ ਰਖਵਾ ਲਿਆ। ਨਾਲ ਹੀ ਮੈਨੂੰ ਵੀ ਬਹਾ ਲਿਆ। ਕੁਛ ਚਿਰ ਪਿਛੋਂ ਪੁਲਿਸ ਵਾਲਿਆਂ ਦੇ ਮਨ ਦਇਆ ਆਈ। ਉਨ੍ਹਾਂ ਮੈਨੂੰ ਸਾਈਕਲ ਦੇ ਕੇ ਉਤਾਰ ਦਿਤਾ। ਸ਼ਰਾਬ ਉਹ ਨਾਲ ਲੈ ਗਏ।

ਮੈਂ ਘਰ ਆਕੇ ੍ਹਡ ਵਰਤੀ ਸੁਣਾਈ ਤਾਂ ਮੇਰੇ ਛੋਟੇ ਲੜਕੇ ਨੇ ਆਖਿਆ : ਅਗੇ ਤੋਂ ਪਿਤਾ ਜੀ ਤੁਹਾਨੂੰ ਅਰਦਾਸ ਕਰਕੇ ਨਹੀਂ ਤੁਰਨ ਦੇਣਾ। ਤੁਸੀਂ ਇਸ ਭੈੜੇ ਕੰਮੋਂ ਹਟਦੇ ਨਹੀਂ। ਸਤਿਗੁਰਾਂ ਨੂੰ ਵੀ ਆਪਣੀ ਕਰਤੂਤਾਂ ਛਿਪਾਣ ਲਈ ਪਰੇਸ਼ਾਨ ਕਰਦੇ ਓ।

### ਗਰੀਬ ਨਿਵਾਜ਼

ਬਜ਼ੁਰਗ ਅਰੂੜ ਸਿੰਘ ਦੀਆਂ ਅੱਖਾਂ ਵਿਚ ਪਾਣੀ ਆ ਗਿਆ ਕਹਿਣ ਲਗਾ : ਧੰਨ ਹੈ ਸਤਿਗੁਰੂ ਜਗਜੀਤ ਸਿੰਘ, ਮੈਨੂੰ ਨੀਚ ਨੂੰ ਚਿਕੜ ਚੋਂ ਕੱਢਕੇ ਆਪਣੇ ਚਰਨੀਂ ਲਾ ਲਿਆ ਸੂ। ਅਤੇ ਮੇਰੇ ਛੋਟੇ ਲੜਕੇ ਨੂੰ ਕੰਮ ਤੇ ਲੁਆਣ ਦਾ ਫਿਕਰ ਵੀ ਆਪ ਲੈ ਲਿਆ ਸੂ। ਨਹੀਂ ਤਾਂ ਉਸਦੇ ਕਿਹੜੇ ਸਾਡੇ ਖੁਣੋਂ ਖੂਹ ਖਲੋਤੇ ਹੋਏ ਨੇ।

ਅਰੂੜ ਸਿੰਘ ਰੰਗ ਵਿਚ ਆ ਗਿਆ : ਇਹ ਸੱਚੇ ਅਰਥਾਂ ਵਿਚ ਗਰੀਬ ਨਿਵਾਜ਼ ਹੈ। ਜਿਵੇਂ ਇਸਨੇ ਮੈਨੂੰ ਦਰਸ਼ਨ ਦੇ ਕੇ ਨਿਵਾਜਿਆ ਹੈ ਇਹੋ ਹੀ ਕਿਰਪਾ ਕਰ ਸਕਦਾ ਸੀ।

ਅਤੇ ਫਿਰ ਉਸਨੇ ਪਿਛਲੇ ਦੌਰੇ (ਮਹੀਨਾ ਜਾਂ ਕੁਛ ਦਿਨ ਵੱਧ ਘੱਟ) ਦੀ ਵਾਰਤਾ ਸੁਣਾਈ :

ਸੱਚੇ ਪਾਤਸ਼ਾਹ ਜੀ ਇੱਬਲੀਆ ਕੋਠੀ ਤੋਂ ਮੇਲਾ ਕਰਕੇ ਪਰਤ ਰਹੇ ਸਨ। ਗੋਲਾ ਸ਼ਹਿਰ ਵਿਚ ਇਕ ਮੋੜ ਤੇ ਮੈਂ ਖਲੋਤਾ ਸਾਂ। ਮੈਨੂੰ ਗਰੀਬ ਨੂੰ ਵੇਖ, ਗੱਡੀ ਰੋਕ, ਮੇਰੇ ਬਾਰੇ ਕਿਸੇ ਨਾਲ ਬੈਠੇ ਤੋਂ ਪੁਛਿਆ। ਉਸ ਕੁਛ ਨ ਕੁਛ ਦੱਸਿਆ। ਤਦ ਨੂੰ ਮੈਂ ਅਰਜ ਕੀਤੀ : ਦੀਨ ਦਿਆਲ, ਮੇਰੇ ਘਰ ਚਰਨ ਪਾਉ। ਕੋਲ ਬੈਠੇ ਨੇ ਆਖਿਆ : ਸੱਚੇ ਪਾਤ-ਸ਼ਾਹ, ਇਸਦੇ ਘਰ ਗੱਡੀ (ਕਾਰ) ਨਹੀਂ ਜਾ ਸਕਦੀ; ਗਲੀ ਭੈੜੀ ਤੇ ਭੀੜੀ ਹੈ, ਕੋਲ ਸੂਰਵਾੜੇ ਵੀ ਹਨ। ਸਤਿਗੁਰਾਂ ਬਚਨ ਕੀਤਾ : ਫੇਰ ਕੀ ਹੋਇਆ, ਅਸੀਂ ਪੈਦਲ ਚਲੇ ਜਾਵਾਂਗੇ। (ਨਾਲ ਮਾਤਾ ਜੀ ਵੀ ਸਨ।) ਉਸ ਕੋਲ ਬੈਠੇ ਨੇ ਹੋਰ ਵੀ ਬਹਾਨੇ ਡਾਹੇ। ਇਸ ਸੱਜਣ ਨੇ ਅਜੇ ਹੁਣੇ ਹੀ ਮੇਲਾ ਕੀਤਾ ਸੀ। ੪-੫ ਹਜ਼ਾਰ ਤੋਂ ਘੱਟ ਇਸ ਕੀ ਮੱਥਾ ਟੇਕਿਆ ਹੋਣੈ, ਪਰ ਮੇਰੇ ਪਾਸੋਂ ਤਾਂ ਵਡਾ ਜ਼ੋਰ ਲਾਕੇ ਦੋ ਰੁਪਏ ਹੀ ਚਰਨਾਂ ਤੇ ਧਰ ਹੋਣੇ ਸਨ।

### ਨਿਸ਼ਾ ਹੋ ਗਈ

ਪਰ ਸਤਿਗੁਰੂ ਸਭ ਸੁਣੀਆਂ, ਅਣ ਸੁਣੀਆਂ ਕਰਕੇ ਮੈਂ ਗਰੀਬ ਦੇ ਘਰ ਆਏ : ਅਤੇ ਜੋ ਕੁਛ ਮੈਂ ਏਥੇ ਵੇਖਿਆ ਚਕ੍ਰਿਤ ਰਹਿ ਗਿਆ। ਇਹ ਮੈਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਰੂਪ ਵਿਚ ਨਜ਼ਰ ਪੈ ਰਹੇ ਸਨ। ਅਤੇ ਮੈਂ ਦਰਸ਼ਨ ਕਰ ਕਰ ਬਲਿਹਾਰ ਹੋ ਰਿਹਾ ਸਾਂ। ਮੇਰੇ ਸਜਲ ਨੇਤਰ ਚਰਨਾਂ ਵਲ ਝੁਕੇ ਜਾਂ ਮੈਂ ਉਤਾਂਹ ਸਿਰ ਚੁਕਿਆ ਤਾਂ ਮੇਰੇ ਸਾਹਵੇਂ ਸਤਿਗੁਰੂ ਜਗਜੀਤ ਸਿੰਘ ਜੀ ਹੀ ਸਨ। ਮੇਰੀ ਇਸ ਤੋਂ ਪਹਿਲੇ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਹੀ ਸ਼ਰਧਾ ਸੀ, ਪਰ ਅਜ ਨਿਸ਼ਾ ਹੋ ਗਈ।

ਸਤਿਗੁਰਾਂ ਜੀ ਨੂੰ, ਮੇਰੇ ਲੜਕੇ ਤੋਂ ਜਦੋਂ ਮੇਰੇ ਪੀਣ ਬਾਰੇ ਪਤਾ ਲਗਿਆ ਤਾਂ ਕਹਿਣ ਲਗੇ : ਇਹ ਹੁਣ ਨਹੀਂ ਪੀਏਗਾ ਚਿੰਤ ਨਾ ਕਰੋ। ਮੇਰੇ ਪਾਸ ਆਜਾ ਅਰੂੜ ਸਿੰਘ !

ਸਚਮੁਚ ਹੀ ਮੈਨੂੰ ਸਤਿਗੁਰਾਂ ਨਰਕ ਵਿਚੋਂ ਕੱਢ ਲਿਆ ਹੈ। ਹੁਣ ਮੈਂ ਏਥੇ ਹੀ ਰਹਿੰਦਾ ਹਾਂ। ਖੇਤਾਂ ਵਿਚ ਡੇਰਾ ਹੈ। ਤੰਬੂ ਮੈਨੂੰ ਮਿਲਿਆ ਹੋਇਆ ਅੱਧ ਸੇਰ ਦੁੱਧ ਵੀ ਮਿਲ ਜਾਂਦਾ ਹੈ। ਹੋਰ ਵੀ ਸਾਰੇ ਪਦਾਰਥ ਮਿਲਦੇ ਹਨ। ਮੈਂ ਮਹਾਂ ਸੁਖੀ ਹਾਂ।

### ਮੁੜ ਸੜਕ ਤੇ

ਹਰਨੇਕ ਸਿੰਘ ਅਤੇ ਮੈਂ ਇਕਾਗਰ ਮਨ ਹੀ ਸਿੰਘ ਦਾ ਬਿਰਤਾਂਤ ਸੁਣ ਰਹੇ ਸਾਂ। ਵਿਹਲੇ ਹੋ ਕੇ, ੧੨ ਵਜੇ ਦੁਪਹਿਰੇ ਡੇਰੇ ਵਲ ਗਏ ਤਾਂ ਪਤਾ ਲਗਾ ਸਤਿਗੁਰੂ ਜੀ ਸੜਕ ਬਣਦੀ ਵੇਖਣ ਗਏ ਹਨ। ਪਰ ਮੈਨੂੰ ਨਾਲ ਲੈਕੇ ਆਉਣ ਲਈ ਸੰਤ ਬਲਕਾਰ ਸਿੰਘ ਨੂੰ ਹੁਕਮ ਕਰ ਗਏ। ਸਤਿਗੁਰੂ ਜੀ ਦੀ ਤਾਬਿਆ ਵਿਚ ਮਾਤਾ ਜੀ, ਠਾਕਰ ਉਦੈ ਸਿੰਘ ਜੀ, ਸ੍ਰ. ਅਵਤਾਰ ਸਿੰਘ ਝੱਬਰ ਅਤੇ ਡਰਾਈਵਰ ਸ੍ਰ. ਰਘੁਬੀਰ ਸਿੰਘ ਸੀ।

ਅਸੀਂ ਮਾਟਾਡੋਰ ਵਿਚ ਪਹੁੰਚੇ ਜਿਸਨੂੰ ਸ੍ਰੀ ਨਾਰਾਇਣ ਦਾਸ ਚਲਾ ਰਿਹਾ ਸੀ। ਅਸੀਂ ਸਾਂ : ਸੰਤ ਕਿਰਪਾਲ ਸਿੰਘ ਝੱਬਰ, ਸੰਤ ਬਲਕਾਰ ਸਿੰਘ ਭੰਗੂਰ (ਬਾਡੀ ਗਾਰਡ), ਸ. ਮੁਖਤਾਰ ਸਿੰਘ ਇੱਬਲੀਆ ਕੋਠੀ ਅਤੇ ਇਕ ਦੋ ਜਣੇ ਮੇਰੇ


Sri Satguru Jagjit Singh Ji Elibrary NamdhariElibrary@gmail.com

ਤੋਂ ਬਿਨਾ ਹੋਰ ।

ਸਾਡੇ ਜਾਂਦਿਆਂ ਨੂੰ ਸੜਕ-ਸੇਵਾ ਕਟਦੇ ਸਿੰਘ ਟਰੈਕਟ੍ਰ ਖਲਿਹਾਰ ਸਤਿਗੁਰੂ ਜੀ ਨੂੰ ਚਰਨੀਂ ਹੱਥ ਲਾਉਣ ਲਈ ਆਏ । ਅੱਜ ਵੀ ਕੱਲ ਵਾਲੇ ਸਾਰੇ ਟਰੈਕਟਰ ਮਿਟੀ ਪੁਟ ਪੁਟ ਸੁਟਦੇ, ਕਰਾਂਹਦੇ ਤੇ ਪਧਰਾਂਦੇ ਸਨ । ਸਿਰਫ ਸ੍ਰੀ ਦਰਸ਼ਨ ਸਿੰਘ ਕੰਪਨੀ ਫਾਰਮ ਵਾਲੇ ਦੀ ਥਾਂ ਸਰਦਾਰਾ ਸਿੰਘ ਸਪੁਤਰ ਮਹੰਤ ਜੇਠਾ ਸਿੰਘ ਆਪਣਾ ਟਰੈਕਟਰ ਲੈ ਕੇ ਆਇਆ । ਸੜਕ ਭਾਵੇਂ ਮਾਪੀ ਨਹੀਂ ਗਈ ਪਰ ਤੱਕੋਂ ਪਤਾ ਲਗਦਾ ਹੈ ਕਿ ਅਧੀਓਂ ਵੱਧ ਠੀਕ ਕਰ ਲਈ ਗਈ ਹੈ ।

ਸਤਿਗੁਰੂ ਜੀ ਪੱਕੀ ਸੜਕ ਤੇ ਜਾਕੇ ਕਾਰ ਛੱਡ ਸਾਡੇ ਪਾਸ ਮਾਟਾਡੋਰ ਨੂੰ ਆ ਭਾਗ ਲਾਏ । ਟਿਓਟਾ ਦੀਆਂ ਸਾਰੀਆਂ ਸਵਾਰੀਆਂ ਸਾਡੀ ਗੱਡੀ ਵਿਚ ਹੀ ਆ ਬੈਠੀਆਂ । ਸੜਕ ਤੋਂ ਸੰਤ ਬਲਕਾਰ ਸਿੰਘ ਗਾਈਡ ਤਾਂ ਏਥੇ ਹੀ ਲਹਿ ਗਿਆ । ਪਰ ਮੁਖਤਾਰ ਸਿੰਘ ਟਿੰਡਲੀਆ ਕੋਠੀ ਨਾਲ ਚਲਿਆ । ਜੰਗਲ ਦਾ ਰਸਤਾ ਲੰਘਦਿਆਂ ਨਹਿਰ ਦੀ ਪਟੜੀ ਤੇ ਹੋ ਲਏ । ਸਜੇ ਕੰਢੇ ਤੇ ਜਾਂਦਿਆਂ ਰਾਹੀ ਫਾਰਮ ਵੇਖਿਆ । ਜ਼ਮੀਨ ਵਲੋਂ ਤਾਂ ਇਹ ਵੀ ਪਸੰਦ ਸੀ । ਨਹਿਰ ਦੇ ਨਾਲ ਕਰਕੇ ੩੬ ਏਕੜ ਦੇ ਕਰੀਬ ।

ਸਤਿਗੁਰੂ ਜੀ ਨਾਲ ਗਲਬਾਤ ਕਰਦਿਆਂ ਅਵਤਾਰ ਸਿੰਘ ਨੂੰ ਜ਼ੋਰ ਲਗਾਣਾ ਪੈ ਰਿਹਾ ਸੀ । ਆਗਿਆ ਅਨੁਸਾਰ ਤੀਜੀ ਸੀਟੋਂ ਉਠ ਦੂਜੀ ਸੀਟ ਤੇ ਸਤਿਗੁਰੂ ਜੀ ਦੇ ਪਿਛੇ ਕਰਕੇ ਬੈਠ ਗਿਆ । ਮੈਂ ਉਸ ਨਾਲ ਸੀਟ ਵਟਾ ਲਈ । ਸਤਿਗੁਰੂ ਜੀ ਨੇ ਵਿਨੋਦ ਵਿਚ ਸਨੇਹਾ ਦਿਤਾ : ਮਹਾਰਾਜ ਜੀ ਨੂੰ ਦਸਣਾ ਕਿ ਮੈਂ ਅਵਤਾਰ ਸਿੰਘ ਦਾ ਕਿੰਨਾ ਖਿਆਲ ਰਖਿਆ ਹੈ । ਬੋਲਣ ਵਿਚ ਜ਼ੋਰ ਨੂੰ ਘਟਾਇਆ ਹੈ ।

ਰਾਤੀ ਫਾਰਮ ਨੂੰ ਗਹੁ ਨਾਲ ਨਿਹਾਰਦਿਆਂ ਅਸੀਂ ਦੋਲਤ ਸਿੰਘ ਦੇ ਫਾਰਮ ਤੇ ਪੁਜੇ । ਬਾਂਕੀ ਪੁਰ (ਸਟੇਸ਼ਨ ਕੁਕਰਾ) ਨਾਲ ਵਗਦੀ ਨਹਿਰ ਤੋਂ ਸੱਜੇ ਹੱਥ ਕੁਕਰਾ ਜਾਂਦੀ ਸੜਕ ਉਤੇ ਇਹ ਫਾਰਮ ਹੈ ੨੨੫ ਏਕੜ ਦਾ । ਇਕ ਮੁਰੱਬਾ ਤੇ ਨਵੇਂ ਸਿਰਿਉਂ ਕਮਾਦ ਬੀਜਿਆ ਗਿਆ ਹੈ । ਵਿਚ ਨਾਲੀਆਂ ਪੱਕੀਆਂ ਹਨ । ਅੱਜ ਦੋ ਟਿਊਬਵੈਲਾਂ ਤੋਂ ਇਹਨਾਂ ਵਿਚ ਪਾਣੀ ਆ ਰਿਹਾ ਹੈ । ਅਵਤਾਰ ਸਿੰਘ ਝੱਬਰ ਨੂੰ ਮਾਟਾਡੋਰ ਪਾਸ ਛੱਡ ਅਸੀਂ ਸਤਿਗੁਰੂ ਜੀ ਦੀ ਅਗਵਾਈ ਵਿਚ ਫਾਰਮ ਦੀ ਨੁੱਕਰ ਤੇ ਬਣੀ ਕੋਠੀ ਅਤੇ ਟਿਊਬਵੈੱਲ ਤਕ ਗਏ । ਵਿਚਕਾਰਲੀ ਆੜ ਉਤੇ ਕਟਹਰ ਦੇ ਕਈ ਰੁਖ ਖਲੋਤੇ ਸਨ । ਸ: ਮੁਖਤਾਰ ਸਿੰਘ ਨੇ ਦਸਿਆ ਕਿ ਏਧਰ, ਜਿਸਦੇ ਖੇਤਾਂ ਵਿਚ ਇਕ ਰੁਖ ਕਟਹਰ ਦਾ ਹੋਵੇ ਉਹ ੫੦੦/- ਤਕ ਦੀ ਸਰਕਾਰੇ ਦਰਬਾਰੇ ਜ਼ਮਾਨਤ ਦੇ ਸਕਦਾ ਹੈ । ਮੈਂ ਪੁਛਿਆ : ਕਾਰਨ ਕੀ ਹੈ ? ਵਿਸ਼ੇਸ਼ਤਾ ਇਸ ਰੁਖ ਦੀ ? ਪਰ ਜਵਾਬ ਨਹੀਂ ਮਿਲਿਆ ਕਿ ਇਸ ਰੁੱਖ ਨੂੰ ਏਨਾ ਅਧਿਕਾਰ ਯੋਗ ਕਿਉਂ ਮਿਥਿਆ ਗਿਆ ।

ਅਵਤਾਰ ਸਿੰਘ-ਮੁਖਤਾਰ ਸਿੰਘ ਨੇ ਦਸਿਆ ਕਿ ਦਲੇਰ ਸਿੰਘ ਏਨਾ ਤਜਵੀਜ਼ ਨਾਲ ਕੰਮ ਕਰਨ ਵਾਲਾ ਹੈ ਕਿ ਉਹ ਵਰ੍ਹਿਆਂ ਪਿਛੋਂ ਹੀ ਫਾਰਮ ਤੇ ਆਉਂਦਾ ਹੈ, ਪਰ ਘਰ ਬੈਠਾ ਹੀ ਨਕਸ਼ਿਆਂ ਦੁਆਰਾ ਹੀ ਸਾਰੀ ਬਿਜਾਈ ਕਟਾਈ ਦੀ ਅਗਵਾਈ ਕਰਦਾ ਹੈ । ਉਸਦੀ ਬਾਂਕੀਪੁਰ ਵਿਚ ਕੋਠੀ ਹੈ। ਇਹ ਕੋਠੀ ੮ ਏਕੜ ਵਿਚ ਹੈ । ੮ ਏਕੜ ਜਗਾਹ ਨਾਲ ਹੋਰ ਵਿਹਲੀ ਪਈ ਹੈ । ਮਾਤਾ ਜੀ ਅਤੇ ਸਤਿਗੁਰੂ ਜੀ ਖੇਤ ਵੇਖ ਵੇਖ ਬੋੜੇ ਪ੍ਰਸੰਨ ਹੋਏ ।

ਸਤਿਗੁਰੂ ਜੀ ਨੂੰ ਸ੍ਰ: ਅਵਤਾਰ ਸਿੰਘ ਨੇ ਦਸਿਆ ਕਿ ਦਲੇਰ ਸਿੰਘ ੩ ਲੱਖ ਮੁਲ ਤੇ ਵੇਚਣ ਲਗਾ ਸੀ ਹੁਣ ੧੨ ਲਖ ਤੇ ਆ ਗਿਆ । ਫਾਰਮ ਤੇ ਫਾਰਮ ਸੰਬੰਧਤ, ਫਾਰਮ ਵਿਚ ਪਈ ਮਸ਼ੀਨਰੀ ਟਿਊਬਵੈਲ ਆਦਿ ਦਾ । ਸਤਿਗੁਰੂ ਜੀ ਨੇ ਇਰਾਦਾ ਦਸਿਆ ਕਿ ਜੇ ਬਾਂਕੀਪੁਰ ਵਾਲਾ ਸਭ ਕੁਝ ਵਿਚ ਆ ਜਾਵੇ ਤਾਂ ਸੋਦਾ ਪੱਕਾ ਕਰ ਲਓ ਝੱਬਰ ਸਰਦਾਰ ਚਾਹੁੰਦਾ ਸੀ ਕਿ ਹਰ ਕੀਮਤ ਤੇ ਸਾਨੂੰ ਇਹ ਫਾਰਮ ਲੈ ਲੈਣਾ ਚਾਹੀਦਾ ਹੈ । ਇਸ ਦੀ ਸੀਮਾਂ ਨਾਲ ਲਹਿੰਦੇ ਪਾਸੇ ਨਦੀ, ਚੜਦੇ ਸੜਕ ਅਤੇ ਪੂਰਬ ਵਲ ਸ਼ਹਿਰ ਅਤੇ ਸਟੇਸ਼ਨ ਹੈ ।

ਸਤਿਗੁਰਾਂ ਫਰਮਾਇਆ : ਠੀਕ ਤਰ੍ਹਾਂ ਪਤਾ ਕਰ ਲਓ ਹੋ ਜਾਇ ਸੋਦਾ ਤਾਂ ਵਾਹਵਾ, ਨਹੀਂ ਤਾਂ ਸਾਡੀ ਕੋਈ ਮਜਬੂਰੀ ਨਹੀਂ ਹੈ ।

ਸਾਰਾ ਰਸਤਾ ਜ਼ਮੀਨਾਂ ਵੇਖਣ ਤੇ ਖਰੀਦਣ ਬਾਰੇ ਹੀ ਗੱਲਬਾਤ ਹੁੰਦੀ ਰਹੀ । ਸ੍ਰ: ਅਵਤਾਰ ਸਿੰਘ ਨੇ, ਬਣ ਰਹੀ ਸੜਕ ਦੀ ਪੁਲੀ ੨੪ ਫੁੱਟ ਤੋਂ ਵੱਧ ਲਈ ਤਰੱਦਦ ਨਾ ਕਰਨ ਦੀ ਸਲਾਹ ਦਿਤੀ ।

ਸਫਰ ਦੋਰਾਨ ਮੈਂ ਚੁਪ ਸਾਂ । ਸ੍ਰ: ਮੁਖਤਾਰ ਸਿੰਘ ਬੋਲਿਆ : ਕਵੀ ਜੀ, ਅਜ ਤੁਸੀਂ ਨਹੀਂ ਗੱਲਬਾਤ ਕਰਦੇ ? ਮੇਰੀ ਜਗਹ ਸਤਿਗੁਰਾਂ ਹੀ ਬਚਨ ਕੀਤਾ : ਛੋਟਾ ਕਾਕਾ ਨਹੀਂ ਨਾ ਬੋਲਦਾ ਇਸ ਲਈ ਕਵੀ ਜੀ ਵੀ ਚੁਪ ਹਨ । ਇਹ ਆਪਦਾ ਤਰੀਕਾ ਸੀ ਠਾਕਰ ਉਦੈ ਸਿੰਘ ਜੀ ਨੂੰ ਨੋਟ ਕਰਨ ਦਾ ।



Sri Satguru Jagjit Singh Ji Elibrary NamdhariElibrary@gmail.com

## ਠਾਕਰ ਉਦੈ ਸਿੰਘ ਜੀ ਦੀ ਸਪੁਰਦਾਰੀ

ਵਾਪਸੀ ਸਮੇਂ ਪਹਾੜਪੁਰ ਜਾਕੇ, ਮਾਟਾਡੋਰ ਤੋਂ ਉਤਰਨ ਲਗਿਆ ਪਤਾ ਲਗਾ ਕਿ ਸਤਿਗੁਰੂ ਜੀ ਗੋਲਾ ਫਾਰਮ ਠਾਕੁਰ ਉਦੈ ਸਿੰਘ ਜੀ ਦੇ ਸਪੁਰਦ ਕਰਨਾ ਚਾਹੁੰਦੇ ਹਨ। ਪੁਛਣ ਤੇ ਠਾਕਰ ਜੀ ਕਹਿਆ : ਜਿਉ ਜਿਉ ਹੁਕਮ ਤਿਵੈ ਤਿਵ ਕਾਰ। ਇਸ ਫੈਸਲੇ ਦੀ ਤਸਦੀਕ ਹਰਭਜਨ ਸਿੰਘ (ਸਿਤਾਰ) ਨੇ ਵੀ ਕੀਤੀ। ਇਸ ਨਾਲ ਠਾਕਰ ਉਦੈ ਸਿੰਘ ਜੀ ਨੂੰ ਸੁਤੰਤਰ ਰੂਪ ਵਿਚ ਆਪਣੀ ਯੋਗਤਾ ਦਿਖਾਣ ਦਾ ਅਵਸਰ ਮਿਲੇਗਾ।

ਪਹਾੜਪੁਰੀਏ ਇਕ ਸਿਖ ਨੇ ਬੇਨਤੀ ਕੀਤੀ ਕਿ ਸੜਕ ਹੋਰ ਨਾ ਉਚੇਰੀ ਕੀਤੀ ਜਾਇ ਸਿਰਫ ਰੈਂਪ ਠੀਕ ਕਰ ਲਿਆ ਜਾਇ। ਸਤਿਗੁਰੂ ਜੀ ਨੇ ਪਰਵਾਨਗੀ ਦਿਤੀ।

ਡੇਰੇ ਵਾਪਸ ਆ ਕੇ ਸ੍ਰ: ਅਵਤਾਰ ਸਿੰਘ ਝੱਬਰ ਨੂੰ ਤਾਂ ਸ੍ਰ: ਸੁਖਚੈਨ ਸਿੰਘ ਦੇ ਘਰ ਘੱਲ ਦਿਤਾ ਗਿਆ, ਗੁਰਨੇਕ ਸਿੰਘ, ਹਰਭਜਨ ਸਿੰਘ ਅਤੇ ਮੈਂ ਠਾਕਰ ਜੀ ਛੋਟਿਆਂ ਨਾਲ ਜੰਗਲ ਵਿਚ ਇਕ ਬਹੁਤ ਲੰਮੇ ਰੁਖ ਨੂੰ ਡਿਗੇ ਪਿਆ ਵੇਖਣ ਚਲੇ ਗਏ।

ਇਸ ਸਾਲ-ਰੁਖ ਦੇ ਇਕੋ ਤਣੇ ਵਿਚੋਂ ਦੋ ਬਰਾਬਰ ਦੀਆਂ ਬਾਹੀਆਂ ਸਨ। ਮਿਣਿਆਂ ਤਾਂ ਕੱਲੀ ਕੱਲੀ ਬਾਹੀ ੭੫-੭੫ ਫੁਟ ਸੀ।

ਫਿਰ ਤੁਰ ਕੇ ਪੌਣੇ ਛੇ ਵਜੇ ਵਾਪਸ ਆ ਗਏ। ਸਦਾ ਵਾਂਗ ਨਾਮ ਸਿਮਰਨ ਅਤੇ ਕੀਰਤਨ ਉਤੇ ਦੋ ਘੰਟੇ ਲਗ ਗਏ।

ਅਜ ਮਾਤਾ ਜੀ, ਠਾਕੁਰ ਜੀ ਤੇ ਸੁਖਵਿੰਦਰ ਸਿੰਘ ਪਿੰਕੀ ਨੇ ਭੈਣੀ ਸਾਹਿਬ ਲਈ ਚਲਣਾ ਸੀ। ਪਰ ਪ੍ਰੋਗਰਾਮ ਬਦਲ ਗਿਆ। ਸਤਿਗੁਰੂ ਜੀ ਦੀ ਇੱਛਾ ਹੋਈ ਕਿ ੧੦ ਮਾਰਚ ਨੂੰ ਇਕਠੇ ਹੀ ਸਾਰੇ ਚਲੀਏ। ਸਵੇਰੇ ੫ ਵਜੇ। ਲੰਗਰ ਹੋਏ ਅਮਰੋਹੇ ਅਤੇ ਫਿਰ ਦਿੱਲੀ ਵਾਲੇ ਦਿੱਲੀ ਨੂੰ ਭੈਣੀ ਸਾਹਿਬ ਵਾਲੇ ਭੈਣੀ ਸਾਹਿਬ ਨੂੰ ਚਾਲੇ ਪਾਣ।

## ਤਾਪ ਕਿਨ ਲਾਹਿਆ ?

ਮਾਤਾ ਚੰਦ ਕੋਰ ਜੀ ਨੂੰ ਬੁਖਾਰ ਤੇਈਆ ਹੋ ਗਿਆ। ਗੁਰਨੇਕ ਸਿੰਘ ਨੇ ਦੇਸੀ ਨੁਸਖਾ ਬਣਾ ਲਿਆਂਦਾ, ਗੁੜ ਵਿਚ ੪ ਅੱਕ ਦੁੱਧ ਦੀਆਂ ਬੂੰਦਾਂ। ਤਾਕਿ ਮੁੜ ਤੇਈਆ ਨਾ ਚੜੇ। ਅੱਜ ਮਾਤਾ ਜੀ ਦੀ ਵਾਰੀ ਸੀ। ਗੁਰਨੇਕ ਸਿੰਘ ਦਵਾਈ ਬਣਾਕੇ ਮਾਤਾ ਜੀ ਦੀ ਸੇਵਕਾ ਬੀਬੀ ਗੁਰਨਾਮ ਨੂੰ ਦੇ ਗਿਆ। ਬੀਬੀ ਨੂੰ ਦਵਾ ਦੇਣੀ ਯਾਦ ਨਾ ਰਹੀ। ਸਤਿਗੁਰੂ ਜੀ ਮਾਤਾ ਜੀ ਨੂੰ ਦਲੇਰ ਸਿੰਘ ਦੇ ਫਾਰਮ ਤੇ ਲੈ ਗਏ। ਅੱਜ ਤੀਜਾ ਤੇਈਆ ਸੀ। ਪਰ ਬੁਖਾਰ ਨਾ ਚੜਿਆ। ਮੈਂ ਮਾਤਾ ਜੀ ਨੂੰ ਬੁਖਾਰ ਬਾਰੇ ਪੁਛਿਆ। ਕਹਿਣ ਲਗੇ : ਬੀਬੀ ਨੇ ਗੁਰਨੇਕ ਸਿੰਘ ਨੂੰ ਤਾਂ ਡਰਦਿਆਂ ਕਹਿ ਦਿਤਾ ਕਿ ਦਵਾਈ ਦਿਤੀ ਹੈ। ਮੈਨੂੰ ਆਖ ਦਿਤਾ : ਦਵਾਈ ਦੇਣੀ ਯਾਦ ਨਹੀਂ ਰਹੀ। ਤੇਈਆ ਤਾਪ ਕਿਨ ਲਾਹ ਦਿਤਾ, ਤੁਸੀਂ ਸੋਚ ਲਓ।

ਅਜ ਠਾਕਰ ਦਲੀਪ ਸਿੰਘ ਜੀ ਦੀ ਸਿਹਤ ਵੀ ਅਛੀ ਨਹੀਂ। ਪਿੰਡੇ ਤੇ ਬਾਰੀਕ ਬਾਰੀਕ ਦਾਣੇ ਨਿਕਲ ਆਏ ਹਨ।

## ਸੁਰਿੰਦਰ ਸਿੰਘ ਲੁਧਿਆਣਾ

ਲਉਢੇ ਵੇਲੇ ਦਾ ਸ੍ਰ: ਸੁਰਿੰਦਰ ਸਿੰਘ ਲੁਧਿਆਣਾ ਵੀ ਫਾਰਮ ਤੇ ਪਹੁੰਚ ਗਿਆ। ਇਸ ਦਾ ਵੀ ਗੁਰੂ ਚਰਨਾਂ ਨਾਲ ਘਨੇਰਾ ਸਨੇਹ ਹੈ : ਸੱਚੇ ਪਾਤਸ਼ਾਹ ਜਿਥੇ ਵੀ ਹੋਣ, ਉਥੇ ਹੀ ਦਰਸ਼ਨ ਕਰਨ ਦਾ ਬਹਾਨਾ ਬਣਾ ਲੈਂਦਾ। ਜੇ ਵਿਹਾਰ ਬਹੁਤਾ ਹੋਵੇ ਜਾਂ ਸਤਿਗੁਰੂ ਜੀ ਹੀ ਬਹੁਤੇ ਦੂਰ ਹੋਣ ਤਾਂ ਟੈਲੀਫੋਨ ਦਾ ਡਾਇਲ ਘੁਮਾ ਕੇ ਨਮਸਕਾਰ ਕਰ ਲੈਂਦਾ ਹੈ।

ਸ੍ਰੀ ਮਨਜੀਤ ਸਿੰਘ ਸਪੁਤਰ ਸੰਤ ਪਿਆਰਾ ਸਿੰਘ ਮੰਡੀ ਜੋ ਫਾਰਮ ਤੇ ਲੰਗਰ ਦੀ ਸੇਵਾ ਕਰਦਾ ਹੈ, ਬਿਜਲੀ ਦੇ ਸ਼ਾਟ ਨਾਲ ਖ਼ਤਮ ਹੋਣੋਂ ਮਸਾਂ ਬਚਿਆ। ਬਿਜਲੀ ਦੀ ਸਿੱਧੀ ਲਾਈਨ ਨੂੰ, ਠੀਕ ਤਰ੍ਹਾਂ ਸੰਚਾਰਨ ਲਈ ਦਰੁਸਤੀ ਕਰ ਰਿਹਾ ਸੀ ਕਿ ਬੁਰੀ ਤਰ੍ਹਾਂ ਨਪੀੜਿਆ ਗਿਆ। ਸਿਖਾਂ ਨੇ ਤੁਰਤ ਫੁਰਤ ਤਕੜੀ ਘੁੱਟ ਨੱਪ ਕਰਕੇ ਜ਼ਿੰਦਗੀ ਬਚਾ ਲਈ। ਸਾਰੇ ਫਾਰਮ ਵਾਸੀਆਂ ਨੂੰ ਬਹੁਤ ਖੁਸ਼ੀ ਹੋਈ।

## ਡਾਕੂਆਂ ਦਾ ਹਮਲਾ

ਮੁਖਤਾਰ ਸਿੰਘ ਇਮਲੀਆ ਫਾਰਮ ਵਾਲੇ ਦੇ ਭਤੀਜੇ ਉਤੇ, ਨੈਪਾਲ ਤੋਂ ਮੋਟਰ ਸਾਈਕਲ ਤੇ ਵਾਪਸ ਆਉਂਦਿਆਂ 'ਦੁਧਵਾ' ਅਤੇ 'ਗੋਰੀ ਫੰਟਾ' ਸਥਾਨਾਂ ਦੇ ਵਿਚਾਲੇ ਜਿਹੇ, ਡਾਕੂਆਂ ਨੇ ਗੋਲੀ ਚਲਾ ਦਿਤੀ। ਉਸ ਨੇ ਹਿੰਮਤ ਕੀਤੀ, ਮੋਟਰ ਸਾਈਕਲ ਨੂੰ ਘੁਮੇਟਣੀ ਦੇ ਗੋਲੀਓਂ ਬਚ ਗਿਆ। ਛੱਰੇ ਜ਼ਰੂਰ ਲਗੇ। ਫਿਰ ਇਕ ਡਾਕੂ ਅਗੇ ਆ ਕੇ ਮਿਲਿਆ। ਉਸ ਨੇ ਡਾਂਗ ਨਾਲ ਵਾਰ ਕੀਤਾ। ਮੁਖਤਾਰ-ਭਤੀਜਾ ਬਲਦੇਵ ਸਿੰਘ ਹੌਸਲੇ ਨਾਲ ਇਸ ਹਮਲੇ ਤੋਂ ਵੀ ਬਚ ਨਿਕਲਿਆ। ਐਨਕ ਟੁਟ ਗਈ, ਕੁਝ ਚੋਟ ਆਈ, ਪਰ ਉਹ ਠਾਣੇ ਦੁਧਵਾ ਪਹੁੰਚ ਗਿਆ ਰਿਪੋਰਟ ਲਿਖਵਾਈ ਮਲ੍ਹਮ ਪੱਟੀ ਕਰਵਾਈ ਤੇ ਘਰ ਦਾ ਰਾਹ ਫੜ ਲਿਆ।



Sri Satguru Jagjit Singh Ji Elibrary NamdhariElibrary@gmail.com

੮ ਮਾਰਚ ੧੯੭੮ ਬੁਧਵਾਰ
ਨਾਮਧਾਰੀ ਫਾਰਮਜ਼ (ਗੋਲਾ)

### ਅਨੰਦ ਕਾਰਜ

ਨਿਤ ਵਾਂਗ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਵਿਚ ਹੋਇਆ। ਅੱਜ ਬਹੁਤ ਸਾਰੇ ਨਵੇਂ ਨਵੇਂ ਸਿੰਘ ਵੇਖਣ ਨੂੰ ਮਿਲੇ। ਕਾਰਨ ਇਹ ਹੈ ਕਿ ਸਤਿਗੁਰੂ ਜੀ ਨੇ ਇਸ ਇਲਾਕੇ ਵਿਚ ਅਤੇ ਫਿਰ ਇਸ ਫਾਰਮ ਵਿਚ ਪਹਿਲਾ ਅਨੰਦ ਕਾਰਜ ਕਰਨ ਦੀ ਆਗਿਆ ਦੇ ਦਿਤੀ ਹੈ। ਕੁਝ ਲੋਕ ਤਾਂ ਅਨੰਦ ਕਾਰਜ ਵਾਲੀਆਂ ਦੋਹਾਂ ਧਿਰਾਂ ਵਲੋਂ ਟਰੈਕਟਰ ਟਰਾਲੀਆਂ ਉਤੇ ਬੈਠ ਕੇ ਆਏ। ਸ੍ਰ: ਸੁਰਜੀਤ ਸਿੰਘ ਲਧੇ ਤਰਗੀਏ ਦੀ ਲੜਕੀ ਬੀਬੀ ਰਾਜ ਕੌਰ ਅਤੇ ਸੰਤ ਅਮਰ ਸਿੰਘ ਛੁਹਾਸੇ ਵਾਲੇ ਦੇ ਲੜਕੇ ਦਾ ਅਨੰਦ ਕਾਰਜ ਹੋਇਆ ਲੜਕੀ ਵਾਲੇ ਪਿਛੋਂ ਅਮ੍ਰਤਸਰ ਕਲਾਂ ਜ਼ਿਲਾ ਸਰਸਾ ਦੇ ਰਹਿਣ ਵਾਲੇ ਸਨ, ਏਥੇ ਹੁਣ ਰਤਨਾਪੁਰ ਵਿਚ ਜ਼ਮੀਨ ਖਰੀਦ ਕੇ ਖੇਤੀਬਾੜੀ ਕਰਦੇ ਹਨ। ਲੜਕੇ ਵਾਲੀ ਧਿਰ ਜ਼ਿਲਾ ਸਰਸਾਂ ਦੇ ਰਾਣੀਆਂ ਕਸਬੇ ਵਿਚ ਰਹਿੰਦੀ ਹੈ। ਉਨ੍ਹਾਂ ਵੀ ਏਧਰ ਛੁਹਾਸੀ ਵਿਚ ਜ਼ਮੀਨ ਆ ਲਈ ਹੈ।

ਸ: ਸੁਖਚੈਨ ਸਿੰਘ ਨੇ ਇਹਨੀਂ ਦਿਨੀਂ ਇਕ ਬੂਰੀ ਮਹਿੰ ਸ੍ਰੀ ਸਤਿਗੁਰੂ ਜੀ ਨੂੰ ਭੇਟਾ ਕੀਤੀ ਹੈ। ਇਸ ਸਿੰਘ ਦੇ ਘਰ ਅਜ ਨਾਮਧਾਰੀ ਮਰਿਆਦਾ ਨਾਲ ਅਖੰਡ ਪਾਠ ਆਰੰਭ ਕੀਤਾ ਗਿਆ ਹੈ। ਸਿੰਘ ਦਾ ਬੜਾ ਜੀ ਕਰਦਾ ਸੀ ਕਿ ਸੱਚੇ ਪਾਤਸ਼ਾਹ ਦੇ ਫਾਰਮ ਖਰੀਦਣ ਤੇ ਏਥੇ ਆਕੇ ਦਰਸ਼ਨ ਦੇਣ ਦੀ ਖੁਸ਼ੀ ਵਿਚ ਅਖੰਡ ਪਾਠ ਵੀ ਕਰਵਾਇਆ ਜਾਇ।

### ਨੈਸ਼ਨਲ ਪਾਰਕ

ਠਾਕਰ ਉਦੇ ਸਿੰਘ ਜੀ ਨੇ ਸ੍ਰੀ ਚਰਨਾਂ ਵਿਚ ਬੇਨਤੀ ਕੀਤੀ ਕਿ ਏਥੋਂ ਨੇੜੇ ਦਾ ਨੈਸ਼ਨਲ ਪਾਰਕ ਵੇਖਿਆ ਜਾਵੇ। ਸਤਿਗੁਰਾਂ ਬਚਨ ਕੀਤਾ : ਸਾਡੇ ਜਾਣ ਬਾਅਦ ਤੁਸੀਂ ਵੇਖ ਆਇਓ। ਪਰ ਠਾਕਰ ਜੀ ਨੇ ਇਸਰਾਰ ਕੀਤਾ : ਆਪ ਜੀ ਦੇ ਹੁੰਦਿਆਂ ਤੇ ਆਪ ਜੀ ਦੇ ਨਾਲ ਚੱਲਣ ਕਾਰਨ ਹੀ ਸੁਆਦ ਆਵੇਗਾ। ਅਨਮਨੇ ਮਨ ਨਾਲ ਬੇਨਤੀ ਪਰਵਾਨ ਹੋ ਗਈ।

ਠਾਕੁਰ ਦਲੀਪ ਸਿੰਘ ਜੀ ਨੇ ਸਵੇਰੇ ਆਸਾ ਦੀ ਵਾਰ ਸਮੇਂ, ਸੂਰਜ ਚੜ੍ਹਨ ਨਾਲ ਸੰਬੰਧਤ ੪ ਫੋਟੋਗ੍ਰਾਫ਼ ਲਏ।

ਸਤਿਗੁਰੂ ਜੀ ਨੂੰ ਜਦੋਂ ਵੀ ਜ਼ਰਾ ਵਿਹਲ ਮਿਲਦੀ ਹੈ ਮੋਹਣ-ਸੁਖਦੇਵ-ਬਲਜੀਤ ਨੂੰ ਸ਼ਬਦ ਅਤੇ ਮਾਤਰਾ ਸਿਖਾਣ ਲਈ ਰੋਜ਼ ਹੀ ਬੁਲਾ ਲੈਂਦੇ ਹਨ। ਅਜ ਵੀ ਸਵੇਰੇ ੮.੩੦ ਤੋਂ ੯.੩੦ ਤਕ ਇਕਲਿਆਂ ਬੈਠ ਕੇ ਉਨ੍ਹਾਂ ਨੂੰ ਸਿਖਾਇਆ ਹੈ। ਅੱਜ ਪਿੰਕੀ ਵੀ ਚੰਗੀ ਸਿਹਤ ਹੋਣ ਕਾਰਨ ਪਾਸ



ਠਾਕੁਰ ਦਲੀਪ ਸਿੰਘ ਸਤਿਗੁਰੂ ਜੀ ਨਾਲ

ਬੈਠਾ ਹੈ।

ਇਸ ਦਰਮਿਆਨ ਟੈਲੀਫੋਨ ਤੇ ਸ੍ਰ: ਅਵਤਾਰ ਸਿੰਘ ਝੱਬਰ ਨਾਲ ਵੀ ਸੰਪਰਕ ਕਾਇਮ ਕਰਨ ਦੀ ਕੋਸ਼ਸ਼ ਕਰਦੇ ਰਹੇ ਹਨ। ਆਪ ਜੀ ਨੇ ਉਸ ਨਾਲ ਸੜਕ, ਗੰਨਾ ਅਤੇ ਨੈਸ਼ਨਲ ਪਾਰਕ ਬਾਰੇ ਗਲਬਾਤ ਕੀਤੀ।

ਸਵੇਰ ਤੋਂ ਹੀ ਟਰੈਕਟਰਾਂ ਵਾਲੇ ਸੜਕ ਉਸਾਰੀ ਲਈ ਮੋਰਚੇ ਤੇ ਚਲੇ ਗਏ ਹਨ। ਸ੍ਰ: ਅਵਤਾਰ ਸਿੰਘ ਵੀ ਐਨ ੧੦ ਵਜੇ ਸਤਿਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋ ਗਿਆ।

ਕਰਦੇ ਕਰਾਂਦਿਆਂ ਦੋ ਗਡੀਆਂ ਨੈਸ਼ਨਲ ਫਾਰਮ ਲਈ ਤਿਆਰ ਹੋਈਆਂ। ਸਤਿਗੁਰੂ ਜੀ ਨੇ 'ਟਿਓਟਾ' ਤਿਆਗ ਦਿਤੀ, ਸਾਡੇ ਵਾਲੀ ਮਾਟਾਡੋਰ ਵਿਚ ਆ ਗਏ। ਇਸ ਗੱਡੀ ਵਿਚ ਡਰਾਈਵਰ ਨਰਾਇਣ ਦਾਸ ਤੋਂ ਬਿਨਾ, ਉਸ ਦੇ ਨਾਲ ਦੀ ਸੀਟ ਤੇ ਸੰਤ ਬਲਕਾਰ ਸਿੰਘ (ਬਾਡੀ-ਗਾਰਡ) ਆਪਣੀ ਬੰਦੂਕ ਨਾਲ ਸੀ। ਦੂਜੀ ਸੀਟ ਤੇ ਇਕ ਪਾਸੇ ਸ੍ਰੀ ਸਤਿਗੁਰੂ ਜੀ, ਠਾਕਰ ਉਦੇ ਸਿੰਘ ਜੀ (ਇਹਨਾਂ ਨੂੰ 'ਮੇਰਾ ਕਾਕਾ ਮੇਰੇ ਕੋਲ ਆ ਕੇ ਬੈਠੇਗਾ' ਕਹਿ ਕੇ ਆਪਣੇ ਪਾਸ ਬਹਾ ਲਿਆ ਸੀ।) ਅਤੇ ਠਾਕਰ ਦਲੀਪ ਸਿੰਘ ਜੀ ਬੈਠੇ। ਤੀਸਰੀ ਸੀਟ ਤੇ ਪ੍ਰੀਤਮ ਸਿੰਘ ਕਵੀ, ਹਰਭਜਨ ਸਿੰਘ ਸਿਤਾਰ) ਸ੍ਰ: ਸੁਰਜੀਤ ਸਿੰਘ ਅਮ੍ਰਤਸਰੀ, ਸ੍ਰ: ਸੁਰਿੰਦਰ ਸਿੰਘ ਲੁਧਿਆਣਾ ਤੇ ਹੋਰ ਪਿਛੇ ਬੱਚਾ ਪਾਰਟੀ : ਮੋਹਣ ਸਿੰਘ ਭੈਣੀ ਸਾਹਿਬ, ਸੁਰਜੀਤ ਸਿੰਘ (ਸਾਰੰਗੀ) ਪਿੰਕੀ ਸੁਖਵਿੰਦਰ ਸਿੰਘ, ਸੁਖਦੇਵ ਸਿੰਘ, ਬਲਜੀਤ ਸਿੰਘ।

ਟਿਓਟਾ ਵਿਚ ਸੰਤ ਮਹਿੰਦਰ ਸਿੰਘ ਪੂਰਬਾ, ਨਿਜੀ



Sri Satguru Jagjit Singh Ji Elibrary NamdhariElibrary@gmail.com

ਸੇਵਕ, ਸੰਤ ਕਿਰਪਾਲ ਸਿੰਘ ਝੱਬਰ ਬਸਤਰ-ਸੇਵਕ, ਸ੍ਰ: ਗੁਰਨੇਕ ਸਿੰਘ ਹਾਰਟੀਕਲ ਇਨਸਪੈਕਟਰ. ਸ੍ਰੀ ਹਰਭਜਨ ਸ਼ਿੰਘ ਠਾਕਰ-ਸੇਵਕ, ਸੰਤ ਤਰਸੇਮ ਸਿੰਘ ਹਜ਼ੂਰੀ ਸਕੱਤਰ ਡਰਾਈਵਰ ਰਘੁਬੀਰ ਸਿੰਘ ਰੰਧਾਵਾ।

ਜੰਗਲ ਦੇ ਰਸਤੇ ਵਿੱਚ ਸਫਰ ਜਾਰੀ ਕੀਤਾ। ਆਲੇ ਦੁਆਲੇ ਸਾਲ ਤੇ ਸਾਗਵਾਨ ਅਤੇ ਜਫੌਂਦੇ ਦੇ ਘਣੇ ਵਣ। ਅਗੇ ਅਗੇ ਮਾਟਾਡੋਰ ਪਿਛੇ ਪਿਛੇ ਟਿਓਟਾ। ਰਾਹ ਦਸਣ ਵਾਲਾ ਬਲਕਾਰ ਸਿੰਘ ਬੰਦੂਕਚੀ ! ਜੰਗਲ ਵਿਚ ਰਾਹ ਟਟੋਲਦੇ ਭੀਰਾ ਪੁਲੀਆ ਰੋਡ ਤੇ ਚੜ੍ਹ ਗਏ। ਦੁਧਵਾ ਨੈਸ਼ਨਲ ਪਾਰਕ ਸਾਡਾ ਨਿਸ਼ਾਨਾ ਸੀ। ਸਤਿਗੁਰੂ ਜੀ ਅਤੇ ਗਡੀ ਵਿਚਲੇ ਪ੍ਰੌਢ ਵਿਅਕਤੀ ਹਾਸ ਪਰਿਹਾਸ ਵਿਚ ਪੈ ਗਏ। ਨਿਕੇ ਮੋਟੇ ਹਾਸੇ-ਤਮਾਸ਼ੇ ਦੀਆਂ ਗੱਲਾਂ ਕਰਦਿਆਂ, ਅਨੰਦ ਸੁਖ ਵਿਚ ਗੁਆਚੇ ਪਹਿਲਾਂ ਭੀਰੇ (ਸ਼ਹਿਰ) ਤੇ ਫਿਰ ਪਲੀਏ (ਸ਼ਹਿਰ) ਪਹੁੰਚ ਗਏ। ਘੁਘ ਵਸਦਾ ਪਲੀਆ ਜਿਸ ਵਿਚ ਪੰਜਾਬੀ ਵੀ ਸਾਨੂੰ ਪੂਰੇ ਭਾਈਵਾਲ ਜਾਪੇ।

ਏਥੇ ਇਕ ਸੰਤ ਅਮਰ ਸਿੰਘ ਹੈ ਜਿਸਦਾ ਪਿਛਲਾ ਪਿੰਡ ਵੇਰਕਾ ਹੈ। ਇਸਦੇ ਪੰਜ ਲੜਕੇ ਹਨ ਅਤੇ ਇਕ ਦੁਕਾਨ ਹੈ ਟਰੈਕਟਰ ਟ੍ਰਾਲੀਆਂ ਦੀ ਮੁਰੰਮਤ ਦੀ। ਨਾਮ ਹੈ : ਟਾਟਾ ਮੋਟਰ ਗੈਰੇਜ, ਪਲੀਆ ਕਲਾਂ। ਇਕ ੧੬ ਕੁ ਮੀਲ ਤੇ ਹਟਵਾਂ ੨੫ ਏਕੜ ਦਾ ਫਾਰਮ ਵੀ। ਜਿਸਦਾ ਨਾਮ ਹੈ ਖਾਲਸਾ ਫਾਰਮ, ਸੰਪੂਰਨਾ ਨਗਰ ਰੋਡ।

ਸੰਤ ਕਿਰਪਾਲ ਸਿੰਘ ਝੱਬਰ ਨੇ ਸਤਿਗੁਰੂ ਜੀ ਨੂੰ ਅਰਜ਼ ਕੀਤੀ : ਏਥੇ ਇਕ ਨਾਮਧਾਰੀ ਘਰ ਹੋਰ ਵੀ ਹੈ, ਉਸਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ ਜਾਇ। ਹੁਕਮ ਹੋਇਆ : ੨ ਵਜੇ ਤਕ ਤਿਆਰ ਰਹਿਣ, ਵਾਪਸੀ ਸਮੇਂ ਆਵਾਂਗੇ। ਜਾਣਾ ਇਕੋ ਥਾਂ ਤੇ ਹੈ, ਭਾਵੇਂ ਘਰ ਲੈ ਚੱਲਣ ਭਾਵੇਂ ਦੁਕਾਨ ਤੇ।

ਅਤੇ ਫਿਰ ਏਥੋਂ ੧੦ ਮੀਲਾਂ ਦੇ ਫਰਕ ਤੇ ਦੁਧਵਾ ਨਾਮੀ ਸਥਾਨ ਹੈ, ਓਧਰ ਨੂੰ ਤੁਰ ਪਏ। ਅਤੇ ਜੰਗਲ ਵਿਚ ਅਣ ਬਣੇ ਪੁਲ ਵਾਲੀ ਨਦੀ ਦੇ ਕੰਢੇ ਉਤਰ ਕੇ ਸਤਿਗੁਰੂ ਜੀ ਨੇ ਇਸ਼ਨਾਨ ਕਰ ਪ੍ਰਸ਼ਾਦ ਛਕਿਆ। ਹੋਰ ਵੀ ਲੋੜਵੰਦਾਂ ਨੇ ਗੁਰੂ ਕੇ ਲੰਗਰ ਚੋਂ ਤ੍ਰਿਪਤੀ ਪਾਈ।

ਸਤਿਗੁਰੂ ਜੀ ਦਾ ਮਨ ਅਜ ਜੰਗਲ ਵਿਚ ਘੁੰਮਣ ਫਿਰਨ ਦਾ ਨਹੀਂ ਸੀ। ਆਪ ਜੀ ਨੇ ਰਾਹ ਵਿਚ ਦੋ ਚਾਰ ਵਾਰ ਕਿਹਾ ਵੀ ਕਿ ਉਹ ਚਾਂਹਦੇ ਹਨ ਪਿਪਲੀ ਨੂੰ ਜਾਇਆ ਜਾਇ ਉਹ ਉਡੀਕਦੇ ਨ ਰਹਿਣ। ਪਰ ਏਨਾ ਹੀ ਜੀ ਠਾਕਰ ਜੀ ਛੋਟਿਆਂ ਦਾ ਜੰਗਲ ਵਿਚ ਵਿਚਰਨ ਤੇ ਕਰਦਾ ਸੀ। ਸਤਿਗੁਰੂ ਜੀ ਵਡੇ ਹੋਣ ਦੇ ਨਾਤੇ ਛੋਟੇ ਠਾਕਰਾਂ ਦਾ ਇਸਰਾਰ ਟਾਲ ਨ ਸਕੇ। ਅਤੇ ਅਗੇ ਤੁਰ ਪਏ।

ਏਥੋਂ ਇਕ ਬੋਰਡ ਤੋਂ ਵੇਖਿਆ ਕਿ ਸ੍ਰ. ਅਰਜਨ ਸਿੰਘ ਨਾਮੀ ਇਕ ਆਦਮੀ ਦਾ ਫਾਰਮ ਨਜ਼ਦੀਕ ਹੈ ਅਤੇ ਉਸਨੇ ਇਕ ਚੀਤਾ ਪਾਲਿਆ ਹੋਇਆ ਹੈ। ਸੋ ਜੰਗਲ ਵਿਚ ਹੀ ਉਹਦੇ ਫਾਰਮ ਨੂੰ ਹੋ ਲਏ। ਏਥੇ ਗੱਡੀਆਂ ਦੀ ਤਰਤੀਬ ਬਦਲ ਗਈ। ਟਿਓਟਾ ਵਿਚ ਸਤਿਗੁਰੂ ਜੀ, ਬੱਚੇ ਅਤੇ ਸੰਤ ਮਹਿੰਦਰ ਸਿੰਘ ਪੂਰਵਾ ਬੈਠ ਗਏ। ਸਤਿਗੁਰਾਂ ਫਰਮਾਇਆ ਕਿ ਉਹ ਤਾਂ ਦੋ ਵਜੇ ਵਾਪਸ ਹੋ ਜਾਣਗੇ।

### ਅਰਜਨ ਸਿੰਘ ਦਾ ਫਾਰਮ

ਜਦੋਂ ਅਸੀਂ ਅੱਗੜ ਪਿੱਛੜ ਗਡੀਆਂ ਲਾਈ, ਘਣੇ ਜੰਗਲ ਵਿਚ ਅਰਜਨ ਸਿੰਘ ਫਾਰਮ ਤੇ ਪਹੁੰਚੇ ਉਹ ਆਪਣੇ ਵਿਦੇਸ਼ੀ ਪ੍ਰਾਹੁਣਿਆਂ ਨਾਲ ਰੋਟੀ ਦੀ ਤਿਆਰੀ ਵਿਚ ਸੀ। ਸਾਨੂੰ ਵੇਖਕੇ ਉਹ ਅਗੇ ਹੋ ਮਿਲਣ ਲਈ ਆਇਆ। ਹੈਰਾਨ ਉਹ ਸੀ ਕਿ ਉਹ ਚਿੱਟੇ ਕਪੜਿਆਂ ਵਾਲੇ ਆਲੋਕਾਰ ਦਿਸਦੇ ਕਿਧਰੋਂ ਆ ਗਏ। ਉਸਨੇ ਸਾਨੂੰ ਦੱਸਿਆ : ਮੈਂ ਜਾਨਵਰ ਪਾਲੇ ਨਹੀਂ। ਮੇਰੇ ਪਿਆਰ ਕਰਕੇ ਮੇਰੇ ਪਾਸ ਆ ਜਾਂਦੇ ਹਨ। ਜਦੋਂ ਜੀ ਕਰੇ ਚਲੇ ਜਾਂਦੇ ਹਨ। 'ਤਾਰਾ' ਨਾਮ ਦੀ ਇਕ ਸ਼ੇਰਨੀ ਅਤੇ ਇਕ ਚਿੱਤਰਨੀ ਅਜ ਕਲ ਏਥੇ ਰਹਿੰਦੀਆਂ ਹਨ, ਹੁਣ ਉਹ ਬੱਚਿਆਂ ਨਾਲ ਜੰਗਲ ਨੂੰ ਚਲੀਆਂ ਗਈਆਂ ਹਨ।

ਉਸਦਾ ਅਣ-ਨਿਘਾ ਸੁਆਗਤ ਸਭ ਨੂੰ ਰੜਕਿਆ, ਪਰ ਉਸਦੀ ਮਜਬੂਰੀ ਵੀ ਸੀ। ਰੋਟੀ ਪਰੋਸੀ ਪਈ ਸੀ। ਸਤਿਗੁਰੂ ਜੀ ਸਾਡੇ ਪਾਸ ਦੇਰ ਨਾਲ ਹੀ ਆਏ। ਆਪ ਕਾਰ ਚੋਂ ਉਤਰੇ ਨਹੀਂ ਸਨ। ਪਰਸਪਰ ਮਿਲ ਥੋੜੀ ਜਾਣਕਾਰੀ ਲੈ ਆਪ ਜੀ ਪਿਪਲੀ ਨੂੰ ਮੁੜ ਗਏ।

ਅਸਾਂ ਵੇਖਿਆ ਅਰਜਨ ਸਿੰਘ ਨੇ ਕੁਝ ਰਿਹਾਇਸ਼ੀ ਕੁਆਰਟਰ ਏਥੇ ਬਣਾਏ ਹੋਏ ਹਨ। ਸੈਲਾਨੀਆਂ ਨੂੰ ਕਰਾਏ ਉਤੇ ਦਿੰਦਾ ਹੈ। ਆਪ ਇਹ ਮਹਾਰਾਜਾ ਕਪੂਰਥਲਾ ਦੇ ਸੱਕਿਆਂ ਵਿਚੋਂ ਹੈ। ਕਪੂਰਥਲਾ ਛਡਿਆਂ ਉਸਨੂੰ ੩੦ ਸਾਲ ਹੋ ਚੁਕੇ ਹਨ। ਇਸਨੂੰ ਵਰਲਡ ਵਾਈਲਡ ਲਾਈਫ ਸੰਸਥਾ ਵਲੋਂ ਸਵਰਨ-ਪਦਕ ਪ੍ਰਾਪਤ ਹੈ ਤੇ ਇਹ ਉਸਦਾ ਮੈਂਬਰ ਵੀ ਹੈ।

ਪਰ ਇਸਨੇ ਸਾਨੂੰ "ਆਓ-ਬੈਠੋ" ਨਹੀਂ ਆਖਿਆ। ਇਸ ਕਾਰਨ ਸਾਡੇ ਚੋਂ ਬਹੁਤਿਆਂ ਨੂੰ ਇਸ ਖਿਲਾਫ਼ ਰੋਹ



Sri Satguru Jagjit Singh Ji Elibrary NamdhariElibrary@gmail.com



ਸਤਿਗੁਰੂ ਜਗਜੀਤ ਸਿੰਘ ਜੀ ਨਾਲ ਸਵ: ਪੰਡਿਤ ਜਵਾਹਰ ਲਾਲ ਨਹਿਰੂ
ਬੀਤੇ ਦੀਆਂ ਪੁਰਾਣੀਆਂ ਪੈੜਾਂ



Sri Satguru Jagjit Singh Ji Elibrary NamdhariElibrary@gmail.com

ਸੀ। ਇਕ ਗੱਲ ਜੁ ਮੈਨੂੰ ਇਹਦੀ ਚੰਗੀ ਲਗੀ ਉਹ ਸੀ ਸਾਡੇ ਨਾਲ ਠੰਠ ਪੰਜਾਬੀ ਵਿਚ ਗੱਲਾਂ ਕਰਨਾ।

ਸੱਚੇ ਪਾਤਸ਼ਾਹ ਤਾਂ ਪਿਛਾਂਹ ਪਿਪਲੀ ਵੱਲੇ ਜਾ ਰਹੇ ਸਨ ਅਸੀਂ ਠਾਕਰ ਉਦੈ ਸਿੰਘ ਜੀ ਦੀ ਸਰਦਾਰੀ ਹੇਠ ਸ਼ੇਰ-ਹਾਥੀ ਵੇਖਣ ਨੈਸ਼ਨਲ ਪਾਰਕ ਦੇ ਅਧਿਕਾਰੀਆਂ ਨੂੰ ਜਾ ਮਿਲੇ। ਤੇਰਾਂ ਜਣੇ ਸਾਂ ਕੱਲੇ ਕੱਲੇ ਦੇ ਦੋ ਰੁਪੈ ਦਾਖਲਾ ਦੇ ੫/- ਗੱਡੀ-ਦਾਖਲਾ ਅਦਾ ਕਰ ਅਤੇ ਫੀ ਮੀਲ ੨/- ਪੈਟਰੋਲ ਖਰਚ ਭਰ ਰਾਖਵੇਂ ਜੰਗਲ ਵਿਚ ਘੁੰਮਣ ਨਿਕਲ ਤੁਰੇ। ਸਰਕਾਰੀ ਮਾਟਾਡੋਰ ਵਿਚ ੧੩ ਅਸੀਂ ੩ ਵਣ-ਕਾਰਿੰਦੇ ੧੬ ਜਣਿਆਂ ਨਾਲ ਤੁਰੇ ਸਫਰ ਜਾਰੀ ਕਰ ਦਿਤਾ।

੪੦ ਕਿਲੋ ਮੀਟਰ ਦੀ ਖ਼ਾਕ ਛਾਣਨ ਬਾਅਦ ਵੀ ਸਾਨੂੰ ਮੋਰਾਂ ਹਰਨਾਂ, ਬਾਰਾਂ ਸੰਗਿਆਂ ਅਤੇ ਰੋਝਾਂ ਸਿਵਾ ਹੋਰ ਕੁਛ ਮਥੇ ਨ ਲਗਿਆ। ਹਾਥੀਆਂ ਵਜੋਂ ਪਾਲਤੂ ਹਾਥੀ ਨਦੀ ਵਿਚ ਨਹਾਂਦੇ ਅਸੀਂ ਪਹਿਲਾਂ ਹੀ ਵੇਖ ਚੁਕੇ ਸਾਂ। ਪਰ ਜੰਗਲ ਦੀ ਹਰਿਆਲੀ, ਸੰਘਣਾਪਣ, ਸਿੱਧੀਆਂ ਸਾਫ ਕੱਚੀਆਂ ਸੜਕਾਂ, ਨਦੀਆਂ ਦੇ ਪੁਲ, ਜੰਗਲ ਤੇ ਨਦੀ ਪਾਰਲੇ ਹਿੱਸੇ ਵਿਚ ਸਜਿਆ ਹੋਇਆ ਬੇਲਾ ਅਤੇ ਕਾਹੀ ਅਜਿਹਾ ਕੁਛ ਵੇਖ ਕੇ ਇਕ ਮਾਰਡਨ ਮਚਾਨ ਵੀ ਵੇਖੀ। ਇਸ ਮਚਾਨ ਵਿਚ, ਰਿਹਾਇਸ਼ੀ ਕਮਰਾ, ਖਾਣਪੀਣ ਲਈ ਸਥਾਨ ਅਤੇ ਇਕ ਉੱਚੇ ਸਿੰਬਲ ਤੇ ਫੱਟੇ ਬੀੜ ਕੇ ਬਣਾਈ ਮਚਾਨ ਸਾਰੇ ਮਹਾਨ ਵਣ ਤੇ ਝਾਤ ਪੁਆਂਦੀ ਸੀ। ਕਮਰੇ ਬਹੁਤ ਉਚਾਈ ਤਕ ਥਮਲੇ ਲੈਜਾਕੇ, ਉਪਰ ਫਰਸ਼ ਬਣਾ ਕੇ ਉਸਾਰੇ ਗਏ ਸਨ।

ਜੰਗਲ ਘੁਮਦੇ ਫਿਰਦਿਆਂ ਅੱਖਾਂ ਅਤੇ ਚਿੱਤ ਨੂੰ ਬੜਾ ਸੁਖ ਮਿਲ ਰਿਹਾ ਸੀ ਪਰ ਮਹਾਬਲੀ ਜਾਨਵਰਾਂ ਨੂੰ ਵੇਖ ਸਕਣ ਦੀ ਤਮੰਨਾ ਅਧੂਰੀ ਰਖਦਿਆਂ ਹੀ ੬ ਵਜੇ ਸ਼ਾਮੀਂ ਵਾਪਸੀ ਲਈ ਚਲ ਪਏ। ਸ੍ਰ. ਸੁਰਿੰਦਰ ਸਿੰਘ ਮਨਚੰਦਾ ਵਲੋਂ ਮਾਟਾਡੋਰ ਦਾ ਕਰਾਇਆ ੧੦੦/- ਦਿਤਾ ਗਿਆ। ਪਹਿਲਾ ਖਰਚ ਸ: ਸੁਰਜੀਤ ਸਿੰਘ ਨੇ ਕੀਤਾ।

ਅਨ੍ਹੇਰੇ ਵਿਚ ਜੰਗਲੀ ਸੜਕਾਂ ਦੁਆਰਾ ਸਫਰ ਕਰਦੇ ਪਹਿਲਾਂ ਪਲੀਆ ਪਹੁੰਚੇ। ਏਥੇ ਸ੍ਰ. ਜਸਬੀਰ ਸਿੰਘ-ਬਲਬੀਰ ਸਿੰਘ ਭਰਾਵਾਂ ਨੇ ਗੱਡੀ ਰੋਕ ਕੇ ਪਹਿਲਾਂ ਵਰਕਸ਼ਾਪ ਅਤੇ ਅਤੇ ਫਿਰ ਦੁਕਾਨ ਵਿਚ ਠਾਕਰ ਉਦੈ ਸਿੰਘ ਜੀ ਤੇ ਸਾਡਾ ਸੁਆਗਤ ਕੀਤਾ। ਪਤਾ ਲਗਾ ਕਿ ਸਤਿਗੁਰੂ ਜੀ ਵੀ ੨.੩੦ ਵਜੇ ਇਹਨਾਂ ਨੂੰ ਦਰਸ਼ਨ ਦੇ ਕੇ ਲੰਘੇ ਸਨ। ਸਤਿਗੁਰਾਂ ਦੇ ਦਰਸ਼ਨ ਤਾਂ ਸੰਤ ਅਮਰ ਸਿੰਘ ਤੇ ਦੋਹਾਂ ਬੱਚਿਆਂ ਅਤੇ ਹੋਰ ਕੁਛ ਲੋਕਾਂ ਨੇ ਕੀਤੇ। ਪਰ ਅਸਾਂ ਤਾਂ ਸਾਰੇ ਪਰਵਾਰ ਨੂੰ ਮਿਲ ਲਿਆ। ਸੰਤ ਅਮਰ ਸਿੰਘ ਦੇ ਲੜਕਿਆਂ ਦੇ ਨਾਮ ਹਨ: ਹਰਭਜਨ ਸਿੰਘ, ਬਲਬੀਰ ਸਿੰਘ, ਜਸਬੀਰ ਸਿੰਘ, ਮਨਮੋਹਨ ਸਿੰਘ, ਗੁਰਸ਼ਰਨ ਸਿੰਘ ਅਤੇ ਬਲਦੇਵ ਸਿੰਘ।

### ਯੂ. ਪੀ. ਵਿਚ ਅਖੰਡ ਪਾਠੀ

ਸੰਤ ਕਿਰਪਾਲ ਸਿੰਘ ਝੱਬਰ ਨੇ ਦਸਿਆ ਕਿ ਇਹ ਸਾਰਾ ਟੱਬਰ ਹੀ ਅਖੰਡ ਪਾਠੀ ਹੈ। ਆਪਣੇ ਕੰਮ ਤੋਂ ਇਲਾਵਾ ਇਹ ਇਸ ਸਾਰੇ ਇਲਾਕੇ ਵਿਚ ਨਾਮਧਾਰੀ ਸੁੱਚ ਪਵਿਤਰਤਾ ਨਾਲ ਆਖੰਡ ਪਾਠ ਵੀ ਕਰਦੇ ਹਨ। ਅਤੇ ਜਦੋਂ ਕੋਈ ਪਾਠ ਕਰਵਾਣ ਲਈ ਇਹਨਾਂ ਨੂੰ ਕਹਿਣ ਆਵੇ, ਗੱਲ ਖੋਲ੍ਹ ਲੈਂਦੇ ਹਨ: ਅਸਾਂ ਅਰਦਾਸ ਪਾਤਸ਼ਾਹੀ ੧੨ ਦੀ ਕਰਨੀ ਹੈ। ਪਰ ਇਹਨਾਂ ਦੀ ਮਰਿਆਦਾ, ਸ਼ੁਧ ਪਾਠ ਅਤੇ ਕੀਰਤਨ ਕਾਰੀ ਤੋਂ ਪ੍ਰਭਾਵਤ ਹੋ ਕੇ ਬਹੁਤੇ ਪਰਵਾਰ ਇਹਨਾਂ ਤੋਂ ਹੀ ਪਾਠ ਕਰਵਾਂਦੇ ਹਨ।

### ਨਾਮਧਾਰੀਆਂ ਦਾ ਬੇਟਾ

ਸਤਿਗੁਰੂ ਜੀ ੨੦ ੨੫ ਮਿੰਟ ਇਹਨਾਂ ਬੱਚਿਆਂ ਦੀ ਸੁਖ ਸਾਂਦ ਜਾਣ, ਆਰਥਕ ਹਾਲਤ ਦਾ ਪਤਾ ਕਰ ਪਿਪਲੀ ਨੂੰ ਸਿੱਧੇ ਹੋਏ ਤਾਂ ਰਾਹ ਵਿਚ ਇਕ ਪਿੰਡ ਆਇਆ, ਰਾਮਪੁਰਾ ਏਥੋਂ ਦਾ ਸਰਪੰਚ ਨਾਮਧਾਰੀਆਂ ਦਾ ਬੇਟਾ ਸੀ। ਉਸ ਦਾ ਨਾਂ ਨੋਟ ਕਰਨੋਂ ਭੁੱਲ ਗਿਆ ਹਾਂ। ਉਸਨੂੰ ਸਤਿ-ਗੁਰੂ ਜੀ ਦੀ ਆਮਦ ਦਾ ਪਤਾ ਲਗਾ ਤਾਂ ਘਰ ਲੈ ਗਿਆ। ਪ੍ਰੇਮ ਮਈ ਵਾਰਤਾਲਾਪ ਹੁੰਦਾ ਰਿਹਾ। ਸਤਿਗੁਰੂ ਜੀ ਨੇ ਉਸ ਵਿਚ ਮੁੜ ਆਪਣ ਘਰ-ਸਮਾਜ-ਵਿਚ ਆਉਣ ਦੀ ਭਾਵਨਾ ਜਗਾਈ। ਸਾਰੇ ਜੀਆ ਜੰਤ ਨੂੰ, ਦਰਸ਼ਨ ਦੇ, ਕਿਰਤਾਰਥ ਕੀਤਾ।

### ਪਿਪਲੀ ਵਿਖੇ

ਏਥੋਂ ਤੁਰ, ੫.੪੫ ਵਜੇ ਸ਼ਾਮੀ ਪਿਪਲੀ ਵਾਲੇ ਸੰਤ ਦਰਸ਼ਨ ਸਿੰਘ ਜੀ ਦੇ ਘਰ ਚਰਨ ਪਾਏ। ਇਹ ਪ੍ਰੋਗਰਾਮ ਤਾਂ ਪਹਿਲਾਂ ਤੋਂ ਹੀ ਨਿਸਚਿਤ ਸੀ। ਸਿੰਘਾਂ ਨੇ ਹਾਰਦਿਕ ਸੁਆਗਤ ਕੀਤਾ। ੬ ਵਜੇ ਬੱਚਿਆਂ ਵਲੋਂ ਕੀਰਤਨ ਹੋਇਆ। ਇੱਛਾ ਰਖਦੇ ਲੋਕੀਂ ਗੁਰੂ ਕੇ ਦਰਸ਼ਨਾਂ ਨੂੰ ਆਏ। ਇਹ ਸੰਤ ਦਰਸ਼ਨ ਸਿੰਘ ਉਸ ਕਰਤਾਰ ਸਿੰਘ ਦੇ ਪਿਤਾ ਹਨ ਜੋ ਪਿਛਲੇ ਕਈ ਬਰਸਾਂ ਤੋਂ ਸ੍ਰੀ ਭੈਣੀ ਸਾਹਿਬ ਲੰਗਰ ਦੇ ਦਾਲੇ ਬਣਾਣ ਦੀ ਸੇਵਾ ਕਰਦੇ ਚਲੇ ਆ ਰਹੇ ਹਨ। ਸਤਿਗੁਰਾਂ ਨੇ ਆਪ ਹੀ ਕਰਤਾਰ ਸਿੰਘ ਦਾ ਅਨੰਦ ਕਾਰਜ ਕੀਤਾ ਹੈ।



Sri Satguru Jagjit Singh Ji Elibrary NamdhariElibrary@gmail.com

ਸਾਡੀ ਗੱਡੀ ਵੀ ੭ ਵਜੇ ਸ਼ਾਮੀ ਪਲੀਏ ਤੋਂ ਚੱਲੀ ਭੀਰੀ ਭੀਰਾ ਤੋਂ ਹੁੰਦੀ ਹੋਈ, ਸ਼ਾਰਦਾ ਨਦੀ ਦਾ ਪੁਲ ਲੰਘ (ਜਿਸ ਉਤੋਂ ਰੇਲ ਦੀ ਅਤੇ ਮੋਟਰਾਂ ਵੀ ਗੁਜ਼ਰਦੀਆਂ ਹਨ), ਫਿਰ ਗੋਲਾ ਨਹਿਰ ਦੇ ਪੂਰਵੀ ਕਿਨਾਰੇ ਉਤਦੀ ਸਫਰ ਕਰਕੇ, ਰਾਤੀਂ ੯ ਵਜੇ ਨਾਮਧਾਰੀ ਫਾਰਮ ਪਹੁੰਚ ਗਈ। ਅਸੀਂ ਕਾਫ਼ੀ ਚੱਕਰ ਕਟਕੇ ਆਏ ਸਾਂ ਕਿਉਂਕਿ ਰਾਤੀਂ ਜੰਗਲ ਦੇ ਅਸਲੋਂ ਵਿਚ ਦੀ ਆਉਣ ਨਾਲ ਰਾਹੋਂ ਘੁੱਸ ਜਾਣ ਦਾ ਅਦੇਸ਼ਾ ਸੀ।

ਸਾਰਾ ਦਿਨ ਹੀ ਸੁਖਾਵੇਂ ਸਾਥ ਅਤੇ ਹਰਿਆਲੀ ਵਿਚ ਬੀਤਿਆ।

### ਦੁਧਵਾ ਨੈਸ਼ਨਲ ਪਾਰਕ

ਥੋੜਾ ਜਿਹਾ ਦੁਧਵਾ ਨੈਸ਼ਨਲ ਪਾਰਕ ਬਾਰੇ ਹੋਰ : ਦੁਧਵਾ ਨੈਸ਼ਨਲ ਪਾਰਕ ਵਾਲਿਆਂ ਆਪਣੇ ਅਧਿਕਾਰ ਖੇਤਰ ਵਿਚ ਇਕ ਬਹੁਤ ਅੱਛੀ ਬਿਲਡਿੰਗ ਤੇ ਸੁਆਗਤ ਸਤਿਕਾਰ ਲਈ ਗੋਲ ਕਮਰਾ ਬਣਾਇਆ ਹੋਇਆ ਹੈ। ਜੰਗਲਾਂ ਵਿਚ ਘਿਰਿਆ ਇਹ ਥੋੜਾ ਜਿਹਾ ਥਾਂ ਮਨ ਭਾਉਂਦਾ ਹੈ। ਏਥੇ ਹੀ ਮੁਲਾਜ਼ਮਾਂ ਦੇ ਰਿਹਾਇਸ਼ੀ ਕੁਆਰਟਰ ਹਨ। ਪਾਰਕ ਵਿਚ ਗੁਜ਼ਰਦੀ ਹਰ ਗੱਡੀ ਤੇ ੫/- ਟੈਕਸ ਲਿਆ ਜਾਂਦਾ ਹੈ। ਜਿਸਦੀ ਅਜ ਕਲ ਰੋਜ਼ਾਨਾ ਔਸਤ ੫੦੦/- ਹੈ। ਇਹ ਪਾਰਕ ੧੯੭੭ ਫਰਵਰੀ ਤੋਂ ਹੀ ਚਾਲੂ ਹੋਇਆ ਹੈ। ਇਸ ਵਿਚਲੇ ਜਾਨਵਰ ਅਜੇ ਗੱਡੀਆਂ ਅਤੇ ਆਦਮੀਆਂ ਨੂੰ ਵੇਖਣ ਦੇ ਆਦੀ ਨਹੀਂ। ਪਾਰਕ ਵਾਲੇ ਕਹਿੰਦੇ ਹਨ ਕਿ ਜਾਨਵਰ ਆਦਮੀ ਵੇਖਦਿਆਂ ਹੀ ਭੂਤ ਉਠਦੇ ਹਨ ਤੇ ਉਹਨਾਂ ਨੂੰ ਡਰ ਸੀ ਕਿ ਜਾਨਵਰ ਕਿਤੇ ਸਾਡੇ ਮਾਟਾਡੋਰ ਹੀ ਨਾ ਉਲਟਾ ਧਰਨਾ ਇੱਛਤ ਜਾਨਵਰ ਭਾਵੇਂ ਕੋਈ ਨਹੀਂ ਵੇਖਿਆ ਪਰ ਕੁਲ ਮਿਲਕੇ ਸਾਡੀ ਯਾਤਰਾ ਸੁਖਦ ਰਹੀ।

ਏਥੇ ਨਾਮਧਾਰੀ ਫਾਰਮ ਵਿਚ ਸਾਡਾ ੮ਵਾਂ ਦਿਨ ਵੀ ਅੱਛੀ ਤਰ੍ਹਾਂ ਗੁਜ਼ਰ ਗਿਆ।

### ੯ ਮਾਰਚ ੧੯੭੮, ਵੀਰਵਾਰ
### ਨਾਮਧਾਰੀ ਫਾਰਮਜ਼ ਗੋਲਾ
### ਨਾਮਧਾਰੀ ਫਾਰਮ ਤੇ

ਪਿਪਲੀ ਤੋਂ ਚਲੇ ਹੋਏ, ਅਜ ੯ ਵਜੇ ਸ੍ਰੀ ਸਤਿਗੁਰੂ ਜੀ ਫਾਰਮ ਤੇ ਪਹੁੰਚ ਗਏ। ਆਸਾ ਦੀ ਵਾਰ ਦਾ ਕੀਰਤਨ ੪ ਵਜੇ ਸਵੇਰ ਤੋਂ ਪਿਪਲੀ ਵਿਖੇ ਹੀ ਹੋਇਆ ਜਿਸਦੀ ਸਮਾਪਤੀ ੬ ਵਜੇ ਹੋਈ। ਕੀਰਤਨਕਾਰ ਬੱਚਿਆਂ ਨੂੰ ਸੰਤ ਮਹਿੰਦਰ ਸਿੰਘ ਪੂਰਵਾ ਨੇ ਦਹੀਂ ਦੀ ਬਾਟੀ ਬਾਟੀ ਖੁਆ ਅਗਲੇ ਸਫਰ ਲਈ ਤਿਆਰ ਕਰ ਲਿਆ ਸੀ :

### ਸ੍ਰ. ਸੁਰਜੀਤ ਸਿੰਘ

੧੦ ਵਜੇ ਤਕ ਸ੍ਰ. ਸੁਰਜੀਤ ਸਿੰਘ ਪਡਾਣੀਆ ਆ ਗਿਆ। ਸਤਿਗੁਰੂ ਜੀ ਨੂੰ ਨਮਸਕਾਰ ਕਰ ਕਹਿਣ ਲਗਾ : ਆਪ ਜੀ ਨੇ ਤਾਂ ਹੱਦ ਕਰ ਦਿਤੀ ਦੋ-ਤਿੰਨ ਦਿਨਾਂ ਵਿਚ ਹੀ ਏਨੀ ਸੜਕ ਉਸਾਰ ਲਈ। ਸਤਿਗੁਰੂ ਜੀ ਨੇ ਨਮਰ ਭਾਵ ਨਾਲ ਜਵਾਬ ਦਿਤਾ : ਤੁਹਾਡੇ ਕਦਮਾਂ ਤੇ ਕਦਮ ਰਖਕੇ ਹੀ ਤੁਰੇ ਹਾਂ। ਤੁਸੀਂ ਵੀ ਇਲਾਕੇ ਦਾ ਮਾਣ ਹੋ।

ਸੁਖ ਅਨੰਦ ਪੁੱਛ-ਦਸਕੇ ਸਤਿਗੁਰੂ ਜੀ ਇਸ਼ਨਾਨ ਪਾਨੀ ਲਈ ਚਲੇ ਗਏ ਅਤੇ ਸ੍ਰ. ਅਵਤਾਰ ਸਿੰਘ ਝੱਫਰ, ਜੁ ੧੦ ਕੁ ਮਿੰਟ ਪਹਿਲਾਂ ਹੀ ਆਇਆ ਸੀ, ਸ੍ਰ. ਸੁਰਜੀਤ ਸਿੰਘ ਦਾ ਪ੍ਰਬੰਧ ਕਰਨ ਲਈ ਲੈ ਗਿਆ। ਇਸ ਨਾਲ ਗੱਲਬਾਤ ਕਰਨ ਮੁਖਤਾਰ ਸਿੰਘ ਦੀ ਜ਼ਰੂਰਤ ਸੀ, ਸੋ ਟਿਊਟਾ ਤੇ ਰਘਬੀਰ ਸਿੰਘ ਰੰਧਾਵਾ ਇਮਲੀਆ ਫਾਰਮ ਤੇ ਉਸਨੂੰ ਲੈਣ ਵਾਸਤੇ ਚਲਾ ਗਿਆ।

### ਸਤਾਵਰ ਤੇ ਕਮੀਲਾ

ਸਤਿਗੁਰੂ ਜੀ ਨੇ ਮੈਨੂੰ ਬੁਲਾਇਆ। ਪਹਿਲਾਂ ਤਾਂ ਆਖਿਆ : ਤੁਹਾਡੀ ਨੋਟ ਬੁਕ ਸਾਡੇ ਨਾਲ ਚਲੀ ਗਈ ਸੀ, ਹਾਰਮੋਨੀਅਮ ਵਿਚ ਪਈ ਪੁਆਈ। ਮੈਂ ਸੋਚਦਾ ਸਾਂ, ਕਵੀ ਹੁਰਾਂ ਦਾ ਜੀ ਕਿਵੇਂ ਲਗੇਗਾ। ਫਿਰ, ਸ੍ਰੀ ਹਜ਼ੂਰ ਨੇ, ਨਾਲ ਲਿਆਂਦੀ ਹੋਈ, ਇਕ ਟਹਿਣੀ ਵਖਾਕੇ ਬਚਨ ਕੀਤਾ : ਕਲ ਜੰਗਲ ਵਿਚ ਤੁਹਾਨੂੰ 'ਕਮੀਲੇ' (ਪੇਟ ਦੇ ਕੀੜਿਆਂ ਤੋਂ ਦੇਈਦਾ ਹੈ) ਦਾ ਤਾਂ ਪਤਾ ਲਗ ਗਿਆ ਸੀ, ਇਸ ਬੂਟੇ ਦਾ ਗਿਆਨ ਨਹੀਂ ਸੀ ਹੋਇਆ। ਇਹ 'ਸਤਾਵਰ' ਦੇ ਬੂਟੇ ਦੀ ਟਹਿਣੀ ਹੈ। ਇਸਦੇ ਗੁਣਾਂ ਬਾਰੇ ਤਾਂ ਤੁਸੀਂ ਬਖ਼ੂਬੀ ਜਾਣਦੇ ਹੋ।

### ਹੁਣੇ ਤਿਆਰੀ

ਅਤੇ ੧੨ ਵਜੇ ਤਕ ਜੋ ਖਬਰ ਹੁੱਲ ਗਈ ਉਹ ਇਹ ਸੀ ਕਿ ਅਸੀਂ ਸਭ ਸਮੇਤ ਸਤਿਗੁਰੂ ਜੀ ਦੇ, ਅੱਜ ਹੀ ਲਉਢੇ ਵੇਲੇ ਚਲਣ ਵਾਲੇ ਹਾਂ ਤੇ ਰਾਤ ਵਿਸ਼ਰਾਮ ਬਰੇਲੀ ਕਰਨਾ ਹੈ। ਸਮਝ ਇਹ ਆਈ ਕਿ ਸਤਿਗੁਰੂ ਜੀ ਕੱਲ੍ਹ ਸਵੇਰੇ ਸ੍ਰ. ਸੁਖਚੈਨ ਸਿੰਘ-ਸੁਰਜੀਤ ਸਿੰਘ ਕੇ ਘਰ ਆਖੰਡ ਪਾਠ ਦਾ ਭੋਗ ਸਮੇਂ ਦਰਸ਼ਨ ਦੇ ਕੇ ਆ ਜਾਣਗੇ। ਅਸੀਂ ਬਾਕੀ ਦੇ ਸਾਰੇ ਅਜ ਹੀ ਬਰੇਲੀ ਜਾ ਟਿਕਾਂਗੇ।

### ਪਡਾਣੀਏ ਸਰਦਾਰ

ਏਨੇ ਨੂੰ ਸਾਡੇ ਡੇਰਿਓਂ ਸ੍ਰ. ਅਵਤਾਰ ਸਿੰਘ-ਸੁਰਜੀਤ



Sri Satguru Jagjit Singh Ji Elibrary NamdhariElibrary@gmail.com

ਸਿੰਘ ਹੁਰਾਂ ਨੂੰ ਮੰਗਵਾ ਲਿਆ । ਅਵਤਾਰ ਸਿੰਘ ਨੇ ਭਡਾਣੀਏ ਸਰਦਾਰ ਨੂੰ ਕਿਹਾ : ਸਤਿਗੁਰੂ ਜੀ ਨੇ ਹੁਕਮ ਕੀਤਾ ਹੈ ਕਿ ਸ੍ਰ. ਸੁਰਜੀਤ ਸਿੰਘ ਨੂੰ ਸਾਡੀ ਇਹ ਨਵੀਂ ਕਾਰ ਵਖਾਓ । ਇਹ ਵੇਖਣ ਵਿਚ ਦਿਲਚਸਪੀ ਰਖਦੇ ਹਨ । ਅਤੇ ਫਿਰ ਸ੍ਰ. ਅਵਤਾਰ ਸਿੰਘ ਨੇ ਦੋਹਾਂ ਸੁਰਜੀਤ ਸਿੰਘਾਂ (ਭਡਾਣੀਏ ਤੇ ਯੂ. ਕੇ. ਵਿਚੋਂ ਆਏ) ਨੂੰ ਪਰਸਪਰ ਜਾਣੂੰ ਕਰਵਾਇਆ ਫਿਰ ਇਕ ਸੁਰਜੀਤ ਸਿੰਘ ਨੇ ਦੂਜੇ ਸੁਰਜੀਤ ਸਿੰਘ ਨੂੰ ਨਵੀਂ ਗੱਡੀ ਦੀਆਂ ਖੂਬੀਆ ਦੱਸੀਆਂ ਤੇ ਇੰਜਨ ਵਖਾਇਆ ।

## ਚਲੋ ਚਲੀ

ਮੇਰੇ ਪੁੱਛਣ ਤੇ ਸਤਿਗੁਰਾਂ ਦੇ ਸਕੱਤਰ ਸੰਤ ਤਰਸੇਮ ਸਿੰਘ ਨੇ ਦੱਸਿਆਂ : ਏਥੋਂ ਤੁਰਨ ਦੇ ਪ੍ਰੋਗਰਾਮ ਵਿਚ ਹੋਰ ਤਬਦੀਲੀ ਹੋ ਗਈ ਹੈ । ਅਸੀਂ ਸਾਰੇ ਹੀ ਅੱਜ ਚੱਲਾਂਗੇ ?

''ਸਤਿਗੁਰੂ ਜੀ ਵੀ ?''

''ਹਾਂ, ਉਹ ਵੀ ।''

''ਤੇ ਜਿਨ੍ਹਾਂ ਪਾਠ ਰਖਿਆ ਹੋਇਆ ਹੈ, ਉਹਨਾਂ ਦਾ ਕੀ ਬਣੂ ?''

''ਉਹਨਾਂ ਨੂੰ ਅੱਜ ਹੀ ਲਉਢੇ ਪਹਿਰ ਜਾ ਕੇ ਦਰਸ਼ਨ ਦਿਤੇ ਜਾਣਗੇ । ਸੱਚੇ ਪਾਤਸ਼ਾਹ ਜੀ ਅੱਜ ਸਾਡੇ ਸਭ ਨਾਲ ਚਲਣਗੇ ।''

ਇੰਜ ਸਤਿਗੁਰੂ ਜੀ ਦੇ ਸਾਡੇ ਨਾਲ ਜਾਣ ਦਾ ਸੁਖ ਸਾਨੂੰ ਪ੍ਰਾਪਤ ਹੋਵੇਗਾ । ਰਾਤ ਬਰੇਲੀ ਰਹਿਣ ਕਾਰਨ ਲੰਮਾਂ ਸਫਰ ਦੋ ਭਾਗਾਂ ਵਿਚ ਵੰਡੀਜ, ਹੋਲਾ ਹੋ ਜਾਵੇਗਾ ।

ਗੁਰਨੇਕ ਸਿੰਘ ਅਜ ਜੀਪ ਤੇ ਚਲਾ ਗਿਆ ਹੈ ਤੇ ਸੰਗੀਤਕਾਰਾਂ ਨੇ ਉਹਦੇ ਲਈ ਇਕ ਆਸਾ ਦੀ ਵਾਰ ਰਿਕਾਰਡ ਕਰਕੇ ਦਿਤੀ ਹੈ ।

ਕਰੀਵਾਲੇ ਦਾ ਛੋਟਾ ਕਿਰਪਾਲ ਸਿੰਘ ਵੀ ਅੱਜ ਆਪਣੇ ਫਾਰਮ ਤੋਂ ਸਤਿਗੁਰੂ ਜੀ ਦੇ ਦਰਸ਼ਨ ਨੂੰ ਨਾਮਧਾਰੀ ਫਾਰਮਜ਼ ਵਿਖੇ ਪਹੁੰਚਾ ਹੈ ।

## ਸੁਰਜੀਤ ਸਿੰਘ ਸੁਖਚੈਨ ਸਿੰਘ ਕਾ ਮੇਲਾ

ਸੰਤ ਸੁਰਜੀਤ ਸਿੰਘ-ਸੁਖਚੈਨ ਸਿੰਘ ਨੇ ਫਾਰਮ ਅਤੇ ਘਰ ਵਿਚ ਅਜ ਖੂਬ ਰੌਣਕ ਹੈ । ਦੂਰ ਦਰਾਜ਼ ਤੋਂ ਸੱਜਣ ਸਨੇਹੀ ਆਏ ਹੋਏ ਹਨ । ਸਾਰੀ ਸੰਗਤ ਨੂੰ, ਸਮੇਤ ਨਾਮਧਾਰੀ ਫਾਰਮਜ਼ ਵਿਚਲੇ ਬਾਸ਼ਿੰਦਿਆਂ ਨੂੰ ਲੰਗਰ ਸੁਰਜੀਤ ਸਿੰਘ ਸੁਖਚੈਨ ਸਿੰਘ ਹੁਰਾਂ ਦੇ ਘਰੋਂ ਹੀ ਪ੍ਰਾਪਤ ਹੋਇਆ । ਸ੍ਰੀ ਸਤਿਗੁਰੂ ਜੀ ਨੇ ਵੀ ਏਸੇ ਘਰ ਦਾ ਲੰਗਰ ਛਕਿਆ । ਦੁਹਾਂ ਕਿਸਾਨ ਭਰਾਵਾਂ ਨੇ ਕੱਲ ਸਵੇਰੇ ਬੂੰਦੀ ਦਾ ਲੰਗਰ ਕਰਨਾ ਸੀ । ਉਹ ਤਾਂ ਸ਼ਾਇਦ ਸਵੇਰੇ ਕਰਨ ਪਰ ਇਸ ਵੇਲੇ ਦੁਧ ਦੇਸੀ ਘਿਉ ਦੇ ਕੜਾਹ ਪ੍ਰਸ਼ਾਦ ਦੇ ਛਕਣ ਛਕਾਣ ਲਈ ਖੁਲ੍ਹੇ ਗੱਫੇ ਹਨ ।

## ਖਜ਼ਾਨਚੀ ਬਾਰੇ

ਸ੍ਰ ਗੁਰਨੇਕ ਸਿੰਘ ਨੇ ਕੱਲ ਗੱਲ ਕਰਦਿਆਂ ਮੈਨੂੰ ਸਤਿਗੁਰੂ ਜੀ ਦੇ ਇਕ ਹਜ਼ੂਰੀ ਸੇਵਕ ਬਾਰੇ ਰਾਇ ਦੱਸੀ : ਮਹਿੰਦਰ ਸਿੰਘ ਪੂਰਬਾ ਜਾਂ ਸੰਤ ਰਤਨ ਸਿੰਘ ਲਾਂਗਰੀ ਵਰਗਾ ਸੇਵਕ ਤੇ ਉਦਾਰ ਹੈ । ਉਸ ਤੇ ਸਤਿਗੁਰਾਂ ਦੀ ਕਿਰਪਾ ਹੈ । ਇਕ ਦਿਨ ਗੁਰਦੇਵ-ਹਰਭਜਨ ਸਿੰਘ (ਦਿੱਲੀ) ਹੁਰਾਂ ਵੀ ਮੈਨੂੰ ਕਿਹਾ ਸੀ : ਮਹਿੰਦਰ ਸਿੰਘ ਪੂਰਵਾ ਹੀ ਸਤਿਗੁਰੂ ਜੀ ਦੇ ਯੋਗ ਸੇਵਕ ਹੈ । ਇਹ ਅਜ ਕਲ ਗੁਰੂ ਕਾ ਖ਼ਜ਼ਾਨਚੀ ਹੈ । ਪੈਸੇ ਦਿੰਦਿਆਂ ਇਹ ਸੂਮਾਂ ਵਾਂਗ ਨਿੰਨੋ ਨਹੀਂ ਲੈਂਦਾ ।

ਕਲਕਤੇ ਵਿਚ ਫਿਰਦਿਆਂ ਸਤਿਗੁਰੂ ਜੀ ਦੇ ਪਿਆਰੇ ਸੰਗੀਤ ਜਥੇ ਦੇ ਬੱਚਿਆ ਨੇ ਵੀ ਚਿੜੀਆ ਘਰ ਦੀ ਸੈਰ ਕਰਦਿਆਂ ਕਿਹਾ ਸੀ : ਪੂਰਬਾ ਜੀ ਨਾਲ ਹਨ, ਹੁਣ ਸਾਨੂੰ ਕਾਹਦਾ ਫਿਕਰ । ਇਕ ਇਕ ਦੋ ਦੋ ਕੇਲੇ ਤਾਂ ਹਸ ਕੇ ਖੁਆ ਦੇਣਗੇ । ਸਤਿਗੁਰੂ ਜੀ ਦੀ ਭਾਵਨਾ ਸਮਝਦਿਆਂ ਉਹ ਖਰਚ ਕਰਦਾ ਤੇ ਕਰਵਾਂਦਾ ਹੈ । ਉਸ ਦੀ ਪਹੁੰਚ ਸਤਿਗੁਰੂ ਜੀ ਦੀ ਆਗਿਆ ਅਧੀਨ ਹੁੰਦੀ ਹੈ । ਸੱਚੇ ਪਾਤਸ਼ਾਹ ਜੀ ਨੂੰ ਵੀ ਆਮ ਕਰਕੇ ਪਤਾ ਹੁੰਦਾ ਹੈ ਕਿ ਪੂਰਵੇ ਪਾਸ ਕਿੰਨੇ ਕੁ ਪੈਸੇ ਹਨ । ਉਸਦਾ ਜਤਨ ਵੀ ਇਹੋ ਹੁੰਦਾ ਹੈ ਕਿ ਸਤਿਗੁਰਾਂ ਤੋਂ ਆਗਿਆ ਪ੍ਰਾਪਤ ਬੰਦਾ ਪੈਸੇ ਖੁਣੋਂ ਪਰੇਸ਼ਾਨ ਨਾ ਹੋਵੇ ।

## ''ਵਰਿਆਮ''

ਇਕ ਗੱਲ ਕੱਲ੍ਹ ਦੀ : ਨੈਸ਼ਨਲ ਪਾਰਕ ਵਲ ਜਾਣ ਤੋਂ ਪਹਿਲੋਂ ਮੈਂ ''ਵਰਿਆਮ ਦਾ ਸਤਿਗੁਰੂ ਜਗਜੀਤ ਸਿੰਘ ਅੰਕ'' ਸਤਿਗੁਰੂ ਜੀ ਦੇ ਪੇਸ਼ ਕੀਤਾ । ਅੰਕ ਨੂੰ ਕਰ ਕਮਲਾਂ ਵਿਚ ਲੈਂਦਿਆਂ ਕਿਹਾ : ਤਕੜਾ ਉੱਦਮ ਹੈ । ਜਗਦੀਸ਼ ਸਿੰਘ ਨੂੰ ਪੈਸੇ ਦੀ ਤੰਗੀ ਕਾਫ਼ੀ ਰਹੀ ਜਾਪਦੀ ਹੈ, ਨਹੀਂ ਤਾਂ ਉਹ ਫੋਟੋ ਆਦਿ ਉਤੇ ਹੋਰ ਵੀ ਖਰਚ ਕਰ ਸਕਦਾ । ਵਰਕੇ ਫਰੋਲਦਿਆਂ ਆਪ ਜੀ ਨੇ ਅਪਣੇ ਇਕ ਸਹਿਪਾਠੀ ਤੇ ਬਾਲ ਸਖਾਈ ਨਾਲ ਹੀ ਮਾਮੇ ਦੇ ਪੁੱਤ ਭਰਾ ਰਜਿੰਦਰ ਸਿੰਘ ਗੁਰੂ ਸਰ (ਗਦੋਂ ਡੱਬ) ਦਾ ਲੇਖ ਉੱਚੀ ਪੜ੍ਹ ਕੇ ਮੇਰੇ ਨਾਲ ਸਾਂਝਾ ਕੀਤਾ । ਇਸ ਲੇਖ ਨੇ ਬਚਪਨ ਦੀਆਂ ਅਨੇਕਾਂ ਯਾਦਾਂ



Sri Satguru Jagjit Singh Ji Elibrary NamdhariElibrary@gmail.com

ਮਸਤਕ-ਪਰਦੇ ਤੇ ਲੈ ਆਂਦੀਆਂ ਸਨ। ਪੜ੍ਹਦਿਆਂ ਪੜ੍ਹਦਿਆਂ ਬਚਪਨ ਦੀਆਂ ਹੋਰ ਕਈ ਕਹਾਣੀਆਂ ਸੁਣਾਈਆਂ। ਰਾਜਿੰਦਰ ਸਿੰਘ ਦੇ ਲੇਖ ਦੇ ਅੰਤਮ ਪੈਰੇ ਨੂੰ ਪੜ੍ਹ ਕੇ ਬੜੇ ਪ੍ਰਸੰਨ ਹੋਏ : ਸ਼ਰਾਰਤੀ ਜੀਵਨ ਦੀਆਂ ਗੱਲਾਂ ਦਸਦਿਆਂ ਕਿਵੇਂ ਸੁੰਦਰਤਾ ਤੇ ਸਿਆਣਪ ਨਾਲ ਤੋੜਾ ਝਾੜਿਆ ਸੂ।

ਦੂਜਾ ਮਜ਼ਮੂਨ ਆਪਨੇ ਡਾ: ਅਮਰ ਭਾਰਤੀ ਦਾ ਪੜ੍ਹਿਆ। ਇਹ ਇਹਨਾਂ ਅਪਣੇ ਧਿਆਨ ਨਾਲ ਹੀ ਪੜ੍ਹਿਆ। ਸਮਾਪਤ ਕਰਕੇ ਕਹਿਣ ਲਗੇ : ਭਾਰਤੀ ਨੇ ਵੀ ਆਪਣੀਆਂ ਸਾਰੀਆਂ ਸਿਆਣਪਾਂ ਤੇ ਲੜਾਈਆਂ ਦਸ ਕੇ ਅੰਤ ਉਤੇ ਰਜਿੰਦਰ ਵਾਂਗੂ ਹੀ ਮੁਹਰ ਲਾ ਦਿਤੀ ਏ।

## ਕੁਛ ਕਰ ਨਾ ਸਕੇ

ਅੱਜ ਜਦੋਂ ਸ: ਸੁਰਜੀਤ ਸਿੰਘ ਪਠਾਣੀਆਂ ਸਤਿਗੁਰੂ ਜੀ ਦੇ ਦਰਸ਼ਨ ਤੇ ਪ੍ਰਸੰਸਾ ਕਰ ਰਿਹਾ ਸੀ ਅਵਤਾਰ ਸਿੰਘ ਝੱਬਰ ਨੂੰ ਉਸ ਕਿਹਾ : ਆਪਾਂ ਤਾਂ ਏਥੇ ਬਹੁਤ ਸਮਾਂ ਪਹਿਲਾਂ ਦੇ ਆਏ ਹੋਏ ਹਾਂ, ਕੁਝ ਕਰ ਨਾ ਸਕੇ ਪਰ ਸਤਿਗੁਰੂ ਜੀ ਨੇ ਤਾਂ ਚਹੁੰ ਦਿਨਾਂ ਵਿਚ ਹੀ ਕਿੰਨੀ ਸਾਰੀ ਸੜਕ ਤਿਆਰ ਕਰਵਾ ਦਿਤੀ ਹੈ। ਤਦ ਸਤਿਗੁਰੂ ਜੀ ਨੇ ਵਿਨੋਦ ਨਾਲ ਕਿਹਾ : ਮੈਂ ਤਾਂ ਸੋਚਦਾ ਸਾਂ ਸਾਰੀ ਸੜਕ ਬਣਵਾ ਕੇ ਤੁਹਾਥੋਂ ਆਪਣੀ ਇਹ ਗੱਲ ਵਡਿਆਈ ਸੁਣਾਂਗਾ ਪਰ ਤੁਸੀਂ ਤਾਂ ਬੜੇ ਉਦਾਰ ਨਿਕਲੇ ਅਧੂਰੇ ਕੰਮ ਦੀ ਪੂਰੀ ਪ੍ਰਸੰਸਾ ਸ਼ੁਰੂ ਕਰ ਦਿਤੀ। ਸਤਿਗੁਰੂ ਜੀ ਨੇ ਫੇਰ ਬਚਨ ਕੀਤਾ : ਜੀ ਤਾਂ ਕਰਦਾ ਸੀ ਮੇਰੇ ਏਥੇ ਹੁੰਦੇ ਹੀ ਇਹ ਸੜਕ ਟੋਟਾ ਮੁਕੰਮਲ ਰੂਪ ਵਿਚ ਤਿਆਰ ਹੋ ਜਾਂਦਾ, ਪਰ ਹੁਣ, ਅੱਜ ਜਾਣਾ ਜ਼ਰੂਰੀ ਹੋ ਗਿਆ ਏ, ਫੇਰ ਕਦੇ ਦੋ ਦਿਨ ਲੁਆਵਾਂਗੇ।

## ਨਾਮ ਸਿਮਰਨ

ਹੁਕਮ ਹੋਇਆ, ੨ ਵਜੇ ਦੁਪਹਿਰੇ, ਸ: ਸੁਖਚੈਨ ਸਿੰਘ ਵਾਲੇ ਚੁਬਾਰੇ ਵਿਚ ਨਾਮ ਸਿਮਰਨ ਸ਼ੁਰੂ ਹੋ ਜਾਏ। ਸ: ਸੁਰਿੰਦਰ ਸਿੰਘ ਲੁਧਿਆਣਾ ਅਤੇ ਹੋਰ ਸਰੀਰ ਸਾਮਾਨ ਉਠਾ, ਸਗੋਂ ਵਿਛਾ ਆਸਣ ਵੀ ਨਹੀਂ ਸੀ ਸਜਾਇਆ ਕਿ ਸ੍ਰੀ ਸਤਿਗੁਰੂ ਜੀ ਆਣ ਉਪਸਥਿਤ ਹੋਏ। ਚੁਬਾਰਾ ਚੌਹੀਂ ਪਾਸੀਂ ਬੂਹੇ ਬਾਰੀਆਂ ਵਲੋਂ ਖੁਲ੍ਹਾ ਸੀ। ਜਿਧਰ ਸਤਿਗੁਰੂ ਜੀ ਬੈਠੇ ਸਨ, ਏਧਰ ਬਾਰੀ ਨੂੰ ਤਾਕੀ ਨਹੀਂ ਸੀ, ਸਗੋਂ ਬੋਰੀ ਨਾਲ ਹੀ ਬੰਦ ਸੀ। ਪ੍ਰਬੰਧਕ ਰਸੀਆਂ ਉਹਦੀਆਂ ਖਿਚਦੇ ਰਹੇ, ਮੈਂ ਬਾਹਰ ਜਾ ਕੇ ਨਟ ਖੋਲ੍ਹ ਦਿਤੇ। ਸਤਿਗੁਰੂ ਜੀ ਨੇ ਨਿਤਨੇਮ ਕਰਦਿਆਂ ਮੇਰੇ ਵਲ ਵੇਖ ਇਕ ਤੁਕ ਪੜ੍ਹੀ : ਜੋਰੁ ਨ, ਜੁਗਤੀ ਛੁਟੈ ਸੰਸਾਰ। ਏਨੇ ਵਿਚ ਹੀ ਸਾਰੀ ਗਲ ਹੋ ਗਈ। ਨਿਤਨੇਮ ਜਾਰੀ ਸੀ, ਸੰਗਤ ਆ ਬੈਠਦੀ ਗਈ।

## ਕੀਰਤਨ

੩ ਵਜੇ ਤਾਂ ਅਰਦਾਸ ਉਪਰੰਤ ਕੀਰਤਨ ਲਈ ਰਾਗੀ ਜਥਾ ਸੰਤ ਹਰਭਜਨ ਸਿੰਘ (ਸਿਤਾਰ) ਦੀ ਅਗਵਾਈ ਵਿਚ ਸ਼ਬਦ ਗਾਉਣ ਲਗਾ। ਸਤਿਗੁਰੂ ਜੀ ਦਾ ਤਾਊਸ ਪਹਿਲਾਂ ਤੋਂ ਹੀ ਆਪ ਦੀ ਹਜ਼ੂਰੀ ਵਿਚ ਰਖਿਆ ਪਿਆ ਸੀ। ਉਠਾ ਲਿਆ, ਗਜ਼ ਫੇਰਿਆ ਤਾਂ ਇਕ ਦੋ ਸੁਰਾਂ ਨੇ ਹੀ ਢਲੀ ਦੁਪਹਿਰੀ ਨੂੰ ਜਿਵੇਂ ਸ਼ਾਮ ਦੇ ਸਮੇਂ ਵਿਚ ਤਬਦੀਲ ਕਰ ਦਿਤਾ। ਟੇਕ ਲਈ ਰਾਗ ਪੀਲੂ ਤਾਰ ਧਮਾਰ ਵਿਚ :

ਮਾਘ ਬਤੀਤ ਭਈ ਰੁਤਿ ਫਾਗੁਨ
ਆਇ ਗਈ ਸਭ ਖੇਲਤ ਹੋਰੀ।

ਹੇਠਾਂ, ਸੰਤ ਸੁਰਜੀਤ ਸਿੰਘ ਦੇ ਘਰ ਵਾਲੇ ਪਾਸੇ ਅਖੰਡ ਪਾਠ ਜਾਰੀ ਸੀ। ਮੈਂ ਸੁਖਚੈਨ ਸਿੰਘ ਪਤਨੀ ਨੂੰ ਪੁਛਿਆ : ਤੁਸਾਂ ਦੀਵਾਨ ਹੇਠਾਂ ਤਾਂ ਨਹੀਂ ਸੀ ਲਵਾਣਾ ? ਉਸ ਨੇ ਕਿਹਾ : ਹੇਠਾਂ ਤਾਂ ਥਾਂ ਨਹੀਂ ਚੰਗੀ। ਵਰਾਂਡੇ ਵਿਚ ਨਿੱਕੜ ਸੁੱਕੜ ਬਹੁਤ ਪਿਆ ਹੈ। ਸੱਚੇ ਪਾਤਸ਼ਾਹ ਜੀ ਨੇ ਪਹਿਲਾਂ ਹੀ ਸਹੀ ਥਾਂ ਚੁਣਿਆ ਹੈ।

## ਗੁਰੂ ਕੀ ਘੜੀ

ਮੈਨੂੰ ਅੱਜ ਸਤਿਗੁਰੂ ਜੀ ਦੇ ਕਾਫ਼ੀ ਨੇੜੇ ਬੈਠਣ ਦਾ ਸਮਾਂ ਮਿਲਿਆ। ਮੈਂ ਵੇਖਿਆ ਕਿ ਸਤਿਗੁਰੂ ਜੀ ਪਾਸ ਪਹਿਲਾਂ ਵਾਲੀ ਘੜੀ ਨਹੀਂ। ਇਹ ਸਦਾ ਹੀ ਆਪਣੇ ਪਾਸ ਜੇਬੀ ਘੜੀ ਰਖਦੇ ਹਨ। ਮੈਂ ਆਪ ਜੀ ਦੀ ਘੜੀ ਉਠਾ ਕੇ ਵੇਖੀ। ਇਹ 'ਉਮੇਗਾ' ਇਲੈਕਟ੍ਰਾਨਿਕਸ ਸੀ। ੩੦੦ HZ. ਇਸ ਦੇ ਹੇਠਲੇ ਹਿਸੇ ਤੇ Deville ਕਰੋਨੋ ਮੈਟਰ ਉਕਰਿਆ ਹੋਇਆ ਸੀ। ਅਤੇ ਇਸ ਉਤੇ ਅਜ ੨੮ ਤਾਰੀਖ ਸੀ। ਮੈਂ ਹਜ਼ੂਰੀ ਸੇਵਕ ਸੰਤ ਮਹਿੰਦਰ ਸਿੰਘ ਪੂਰਬਾ ਤੋਂ ਪੁਛਿਆ : ਇਹ ਕਿਹੜੀ ਤਾਰੀਖ ਹੈ, ਅੱਜ ਤਾਂ ੯.੩.੭੮ ਹੈ। ਪੂਰਬਾ ਨੇ ਦਸਿਆ : ਅੱਜ ਦੇਸੀ ਮਹੀਨੇ ਫੱਗਣ ਦੀ ੨੮ ਤਾਰੀਖ ਹੈ!

ਅਜ ਵਾਲਾ ਗੁਰੂ ਗੋਬਿੰਦ ਸਿੰਘ ਜੀ ਰਚਿਤ ਸਵਯਾ ਉਹਨਾਂ ਸੁਰਾਂ ਤੇ ਹੀ ਗਾਇਆ ਜਾ ਰਿਹਾ ਹੈ ਜਿਹੜੀ ਸੜਕ ਉਤੇ ਕੰਮ ਕਰਦਿਆਂ ਅਜੇ ੩-੪ ਦਿਨ ਪਹਿਲਾਂ ਤਿਆਰ ਕੀਤੀਆਂ ਸਨ। ਦੂਜਾ ਸ਼ਬਦ ਵੀ ਸ੍ਰੀ ਦਸਮ ਗ੍ਰੰਥ ਜੀ ਵਿਚੋਂ ਸੀ :

ਕੈਸੀ ਬੰਸਰੀ ਬਜਾਈ ਮੋਰੀ ਸੁਧ ਬਿਸਰਾਈ।

ਸ਼ਬਦ ਗਾਉਂਦੇ ਗਾਉਂਦੇ ਇਕ ਨਵਾਂ ਠੇਕਾ ਬਣਾ ਕੇ


Sri Satguru Jagjit Singh Ji Elibrary NamdhariElibrary@gmail.com

ਪਿੰਗੀ ਨੂੰ ਸਮਝਾਇਆ ਜਿਸ ਦੀਆਂ ਖਾਲੀ ਮਾਤਰਾਂ ਵਿਚ ਬਹੁਤਾ ਲਟਕਾਅ ਨਹੀਂ ਸੀ।

**ਡਾਕੂਆਂ ਤੋਂ ਬਚਿਆ ਬੰਦਾ**

ਏਨੇ ਨੂੰ ਉਸ ਜਵਾਨ ਬਲਦੇਵ ਸਿੰਘ ਨੇ ਸ੍ਰੀ ਸਤਿਗੁਰੂ ਜੀ ਨੂੰ ਆ ਮੱਥਾ ਟੇਕਿਆ ਜਿਸ ਨੂੰ ਪਰਸੋਂ ਗੋਲੀ ਦੇ ਛੱਰੇ ਅਤੇ ਡਾਂਗ ਡਾਕੂਆਂ ਵਲੋਂ ਲਗੀ ਸੀ। ਗੁਟ ਤੇ ਪੱਟੀ ਬੱਝੀ ਹੋਈ ਸੀ ਅਤੇ ਨੱਕ ਉਤੇ ਟੇਪ ਲਗੀ। ਉੱਚਾ, ਲੰਮਾ, ਸੁੰਦਰ ਜੁਆਨ ਸਿੱਧੀ ਦਸਤਾਰ ਨਾਲ ਸਜਦਾ ਫਬਦਾ ਰਾਗੀਆਂ ਦੇ ਪਿਛੇ ਹੋ ਕੇ ਬੈਠ ਗਿਆ।

ਸੰਤ ਹਰਬੰਸ ਸਿੰਘ ਫਾਰਮ ਮੁਖੀ ਪਹਿਲਾਂ ਨਾਲੋਂ ਚੰਗੀ ਸਿਹਤ ਵਿਚ ਸਤਿਗੁਰੂ ਜੀ ਨੂੰ ਰੁਮਾਲੀ ਝੱਲ ਰਿਹਾ ਹੈ। ਤੀਜਾ ਸ਼ਬਦ : 'ਅਤਿ ਪ੍ਰੀਤਮ ਮਨਮੋਹਨਾ' ਪੜ੍ਹਿਆ ਗਿਆ।

ਅਜ ਕਲ ਗੁਰੂ ਦੀ ਹਜ਼ੂਰੀ ਵਿਚ ਨਾਮਸਿਮਰਨ ਦੇ ਆਰੰਭ ਅਤੇ ਅੰਤ ਤੇ ਕੀਰਤਨ, ਬਾਅਦ ਦੀ ਆਰਦਾਸ ਵੀ ਸੰਤ ਮਹਿੰਦਰ ਸਿੰਘ ਪੂਰਬਾ ਕਰਦਾ ਹੈ। ਅਰਦਾਸ ਦੇ ਸ਼ਬਦ ਕਦੇ ਪੂਰਬੇ ਤੋਂ ਪੁਛ ਕੇ ਲਿਖਾਂਗਾ।

**ਸਦ ਉਪਦੇਸ਼**

ਪੂਰਬੇ ਦੁਆਰਾ ਅਰਦਾਸ ਹੋਣ ਤੇ ਸਤਿਗੁਰੂ ਜੀ ਫਾਰਮਾਂ ਵਾਲੀ ਸੰਗਤ ਨੂੰ ਸੰਬੋਧਨ ਕੀਤਾ : ਤੁਸੀਂ ਭਾਈ ਫਾਰਮਾਂ ਵਾਲੇ ਮੁਖੀ ਅਜ ਏਥੇ ਹੋ। ਸਾਰੇ ਹੀ ਆਪਣੇ ਆਪਣੇ ਫਾਰਮ ਤੇ ਇਕ ਇਕ ਘੰਟਾ ਨਾਮ ਸਿਮਰਨ ਜ਼ਰੂਰੀ ਤੌਰ ਤੇ ਜਾਰੀ ਕਰੋ। ਅਤੇ ਆਪਣੀ ਏਕਤਾ ਬਣਾਈ ਰਖੋ। ਦੇਸ ਵਿਦੇਸ ਵਿਚ ਹਰ ਔਕੜ ਵਿਚ ਏਕਤਾ ਤੇ ਉਚਾ ਮਨੋਬਲ ਹੀ ਕੰਮ ਦਿੰਦਾ ਹੈ।

ਉਪਰੰਤ ਸ੍ਰ: ਅਵਤਾਰ ਸਿੰਘ ਝੱਬਰ ਨੂੰ, ਜੋ ਕੁਝ ਵਿਸ਼ੇਸ਼ ਵਿਅਕਤੀਆਂ ਨਾਲ ਮੱਥਾ ਟੇਕਣ ਆਇਆ ਸੀ, ਸਤਿਗੁਰਾਂ ਪੁਛਿਆ : ਤੂੰ ਕਦੋਂ ਜਾਵੇਂਗਾ ? ਤੇਰਾ ਕੀ ਪ੍ਰੋਗਰਾਮ ਹੈ ? ਉਸ ਦਸਿਆ : ਦੀਨ ਦਿਆਲ ਤਿੰਨ ਦਿਨਾਂ ਤਕ ਜੀਵਨ ਨਗਰ ਪਹੁੰਚ ਜਾਵਾਂਗਾ। ਫੇਰ ਆਪ ਜੀ ਨੂੰ ਸਾਰੇ ਹਾਲਾਤ ਤੋਂ ਸੂਚਿਤ ਕਰਾਂਗਾ।

**ਤੁਰਨ ਵਾਲੀਆਂ ਗੱਡੀਆਂ**

੪.੫੦ ਤਕ ਮਾਟਾਡੋਰ ਵਿਚ ਲੁੜੀਂਦੀਆਂ ਸਵਾਰੀਆਂ ਬੈਠ ਗਈਆਂ ਅਤੇ ਗੱਡੀ ਤੁਰ ਪਈ। ਇਸ ਤਰਤੀਬ ਨਾਲ ਹੇਠ ਲਿਖੇ ਸਰੀਰ ਬੈਠੇ। ਡਰਾਈਵਰ ਸ੍ਰੀ ਨਰਾਇਣ ਦਾਸ, ਸੰਤ ਬਲਕਾਰ ਸਿੰਘ ਬੰਦੂਕਚੀ, ਪ੍ਰੀਤਮ ਸਿੰਘ ਕਵੀ, ਸ੍ਰੀ ਹਰਭਜਨ ਸਿੰਘ ਸ੍ਰ: ਸੁਰਿੰਦਰ ਸਿੰਘ ਲੁਧਿਆਣਾ, ਸੰਤ ਕਿਰਪਾਲ ਸਿੰਘ ਝਬਰ ਅਤੇ ਚਾਰੇ ਸੰਗੀਤਕਾਰ ਬੱਚੇ।

ਸਾਡੇ ਮਗਰੋਂ ਸਤਿਗੁਰੂ ਜੀ ਦੀ ਗੱਡੀ ਚਲੀ, ਪੀਜੋ। ਇਸਨੇ ਸਾਨੂੰ ਗੋਲੇ ਅਤੇ ਸ਼ਾਹਜਹਾਂਪੁਰ ਦੇ ਵਿਚਾਲਿਓਂ ਪਾਸ ਕਰ ਲਿਆ। ਇਸ ਵਿਚ ਡਰਾਈਵਰ ਸ੍ਰ: ਸੁਰਜੀਤ ਸਿੰਘ, ਸ੍ਰੀ ਸਤਿਗੁਰੂ ਜੀ, ਪਿਛਲੀ ਸੀਟ ਤੇ ਮਾਤਾ ਜੀ, ਠਾਕੁਰ ਦਲੀਪ ਸਿੰਘ ਜੀ ਅਤੇ ਸੰਤ ਮਹਿੰਦਰ ਸਿੰਘ ਪੂਰਵਾ ਬੈਠੇ।

'ਟਿਓਟਾ' ੨ ਵਜੇ ਹੀ ਚਲੀ ਗਈ ਸੀ। ਡਰਾਈਵਰ ਸੰਤ ਰਘਬੀਰ ਸਿੰਘ, ਸਕਤਰ ਸੰਤ ਤਰਸੇਮ ਸਿੰਘ, ਸੰਤ ਹਰੀ ਸਿੰਘ, ਬੀਬੀ ਪ੍ਰੀਤਮ ਕੌਰ ਢੱਟੀਆਂ, ਬੀਬੀ ਗੁਰਨਾਮ ਕੌਰ ਤੇ ਪੂਰਵਾ ਪਤਨੀ ਬੀਬੀ ਸੁਖਵਿੰਦਰ ਕੌਰ ਇਸ ਗੱਡੀ ਰਾਹੀਂ ਬਰੇਲੀ ਨੂੰ ਹੋ ਤੁਰੇ।

**ਬਰੇਲੀ ਵਿਚ**

ਸਾਡੀ ਮਾਟਾ ਡੋਰ ਰਾਤੀਂ ੯ ਵਜੇ ਬਰੇਲੀ ਪਹੁੰਚੀ। ਸਤਿਗੁਰੂ ਸਾਥੋਂ ਇਕ ਘੰਟਾ ਪਹਿਲਾਂ ਪਹੁੰਚ ਚੁਕੇ ਸਨ ਤੇ ਜਾਂਦਿਆਂ ਹੀ ਇਕ ਸਾਈਕਲ ਸਵਾਰ ਨੂੰ ਸਾਡੀ ਅਗਵਾਨੀ ਕਰਨ ਵਾਸਤੇ ਭੇਜਿਆ ਤਾਕਿ ਸਾਨੂੰ ਡੇਰੇ ਵਾਲੇ ਘਰ ਦਾ ਪਤਾ ਲਗ ਸਕੇ। ਸਕੱਤਰ ਸਾਹਿਬ ਵਾਲੀ ਟਿਓਟਾ ਸਤਿ-ਗੁਰਾਂ ਤੋਂ ਵੀ ਪਹਿਲਾਂ ਪਹੁੰਚੀ ਹੋਈ ਸੀ।

ਬਰੇਲੀ ਵਿਚ ਸੂਬਾ ਕਰਤਾਰ ਸਿੰਘ ਜੀ ਦੇ ਘਰ ਡੇਰਾ ਸੀ, ਬਿਨਾ ਸ੍ਰੀ ਸਤਿਗੁਰੂ ਜੀ ਤੇ ਆਪ ਜੀ ਦੀ ਤਾਬਿਆ ਵਿਚ ਆਇਆਂ ਦੇ, ਅਸਾਂ ਸਭ ਨੇ ਸੂਬਾ ਜੀ ਦੇ ਪਰਵਾਰ ਦੀ ਅੰਨ-ਜਲ ਦੀ ਸੇਵਾ ਸੰਤੁਸ਼ਟ ਹੋ ਕੇ ਗ੍ਰਹਿਣ ਕੀਤੀ।

ਬਰੇਲੀ ਦੇ ਸੰਤ ਕਰਤਾਰ ਸਿੰਘ ਜੀ ਪਿਛਲੇ ਸਾਲ ਹੀ ਸੂਬਾ ਸਥਾਪਤ ਕੀਤੇ ਗਏ ਹਨ। ਇਹਨਾਂ ਦਾ ਇਕੋ ਇਕ ਸਪੁਤਰ ਹੈ ਸ੍ਰ: ਅਜੀਤ ਸਿੰਘ (੨੫) ਇਹ ਪਰਵਾਰ ੨੦ ਸਾਲ ਤੋਂ ਏਥੇ ਹੈ। ਇਹਨਾਂ ਨੇ ਤੇਲ ਪੀੜਨ ਲਈ ਕੋਹਲੂ ਅਤੇ ਝੋਨਾ ਛੜਨ ਵਾਲੀ ਮਸ਼ੀਨ ਲਗਾ ਰਖੀ ਹੈ। ਸੰਤ ਕਰਤਾਰ ਸਿੰਘ ਜੀ ਦੀ ਪਤਨੀ ਬੀਬੀ ਰਘਬੀਰ ਕੌਰ ਪੇਕਿਆਂ ਵਲੋਂ ਸਿਆਲਕੋਟ ਜ਼ਿਲੇ ਦੇ ਪਿੰਡ ਛਾਛੀ ਦੀ ਹੈ।

ਬਰੇਲੀ ਵਿਚ ਦੂਜਾ ਪਰਵਾਰ ਹੈ ਸੰਤ ਮੰਗਲ ਸਿੰਘ ਦਾ (ਜੋ ਪਿਛਲੇ ਸਾਲ ਚੜਾਈ ਕਰ ਗਏ ਹਨ।) ਇਹਨਾਂ ਦੇ ਘਰੋਂ ਬੀਬੀ ਮਹਿੰਦਰ ਕੌਰ ਹਨ। ਸੰਤਾਨ ਤੋਂ ਮਹਿਰੂਮ ਹਨ। ਇਹਨਾਂ ਦਾ ਨਿਰਬਾਹ ਡੇਅਰੀ ਤੋਂ ਹੋ ਰਿਹਾ ਹੈ।



Sri Satguru Jagjit Singh Ji Elibrary NamdhariElibrary@gmail.com

ਇਹ ਸੂਬਾ ਕਰਤਾਰ ਸਿੰਘ ਹੁਰਾਂ ਤੋਂ ਵੀ ਪਹਿਲੋਂ ਦੇ ਬਰੇਲੀ ਵਸਨੀਕ ਹਨ।

ਤੀਸਰਾ ਪਰਵਾਰ ਹੈ ਸੰਤ ਸੰਗਤ ਸਿੰਘ ਦਾ ਇਹ ਵੀ ਡੇਅਰੀ ਦਾ ਕੰਮ ਕਰਦੇ ਹਨ, ਪਤਨੀ ਦਾ ਨਾਮ ਪ੍ਰੀਤਮ ਕੌਰ, ਸਪੁਤਰ ਇਹਨਾਂ ਦੇ : ਸ੍ਰ: ਸਰਦਾਰ ਸਿੰਘ (੩੪), ਸ੍ਰ. ਕੁਲਦੀਪ ਸਿੰਘ (੩੦) ਸ੍ਰੀ ਮੁਹਿੰਦਰ ਸਿੰਘ (੨੫) ਸ੍ਰੀ ਜੀਤ ਸਿੰਘ (੨੨), ਲੜਕੀਆਂ ਹੈ ਨਹੀਂ। ੨੪-੨੫ ਸਾਲ ਤੋਂ ਏਥੇ ਰਹਿ ਰਹੇ ਹਨ। ਇਹਨਾਂ ਪਾਸ ਆਪਣੇ ੩੦ ਤੋਂ ਵਧ ਪਸ਼ੂ ਹਨ।

ਸੰਤ ਜੁਗਿੰਦਰ ਸਿੰਘ ਹੁਰਾਂ ਦਾ ਚੋਖਾ ਪਰਵਾਰ ਹੈ। ਇਸ ਪਰਵਾਰ ਦਾ ਆਰਥਕ ਆਧਾਰ ਹੈ, ਜਨਰਲ ਸਟੋਰ। ਇਹਨਾਂ ਦੇ ਤਿੰਨ ਲੜਕੇ ਦੋ ਲੜਕੀਆਂ ਹਨ। ਲੜਕੇ : ਸ੍ਰ: ਨਿਰਮਲ ਸਿੰਘ (੩੨), ਸ੍ਰ. ਸਵਰਨ ਪਾਲ ਸਿੰਘ (੨੬) ਸੋਟੀ (੧੪), ਲੜਕੀਆਂ : ਬੀਬੀ ਸੁਰਿੰਦਰ ਕੌਰ (੨੮), ਬੀਬੀ ਸਤਵੰਤ ਕੌਰ (੨੩), ਇਹ ਵੀ ਪੁਰਾਣੇ ਵਸਨੀਕ ਹਨ।

ਇਹ ਚਾਰੇ ਪਰਵਾਰ ਸ਼ਦਾਨਾ ਕਾਲੋਨੀ, ਮਾਡਲ ਟਾਊਨ ਵਿਚ ਰਹਿੰਦੇ ਹਨ।

ਸੂਬਾ ਜੀ ਦਾ ਪਤਾ ਹੈ : C-੧੬੪, ਸ਼ਦਾਨਾ ਕਾਲੋਨੀ ਮਾਡਲ ਟਾਊਨ, ਬਰੇਲੀ, (ਯੂ.ਪੀ.)

ਤਿੰਨ ਨਾਮਧਾਰੀ ਘਰ ਇੰਦਰਾ ਕਾਲੋਨੀ ਵਿਚ ਰਹਿੰਦੇ ਹਨ। ਸੰਤ ਦਲੀਪ ਸਿੰਘ (ਲੋਪੋ ਕੇ) ਖਰਾਦ ਦਾ ਕੰਮ ਕਰਦੇ ਹਨ। ਪਤਨੀ ਹਰਭਜਨ ਕੌਰ (ਪੇਕੇ ਚੁਗਾਵਾਂ)। ਸੰਤਾਨ : ਜਸਬੀਰ ਸਿੰਘ (੨੩), ਅਵਨਾਸ਼ ਕੌਰ (੧੮) ਸਤਨਾਮ ਕੌਰ (੧੬)

ਸੰਤ ਅਜੀਤ ਸਿੰਘ (ਦਲੀਪ ਸਿੰਘ ਜੀ ਦੇ ਛੋਟੇ ਭਾਈ) ਨੌਕਰੀ ਕਰਦੇ ਹਨ। ਏਥੇ ਆਰ. ਆਰ. ਕੰਪਨੀ ਕਲਕਟਰ ਗੰਜ ਵਿਖੇ। ਸੰਤਾਨ ਹੈ : ਸ਼੍ਰੀ ਮਨੋਹਰ ਸਿੰਘ (੧੮), ਕੇਸਰ ਸਿੰਘ (੩) ਪਰਮਜੀਤ ਕੌਰ (੧੫)।

ਤੀਸਰਾ ਪਰਵਾਰ ਹੈ, ਮਹੰਤ ਮੰਗਲ ਸਿੰਘ ਲਹੌਰੀਏ ਦੇ ਪੋਤਰੇ ਸ੍ਰ. ਸੁਰਿੰਦਰ ਸਿੰਘ (ਪਤਨੀ) ਕੁਲਦੀਪ ਕੌਰ। ਕੰਮ ਘਰ ਵਿਚ ਖਰਾਦ ਮਸ਼ੀਨ। ਸੰਤਾਨ ਸ਼੍ਰੀ ਜਗਵਿੰਦਰ ਸਿੰਘ (੨੮), ਸ੍ਰੀ ਤਰਲੋਕ ਸਿੰਘ (੨੬), ਸ਼੍ਰੀ ਹਰਭਜਨ ਸਿੰਘ (੨੪), ਸ੍ਰੀ ਲਖਵਿੰਦਰ ਸਿੰਘ (੨੦) ਬੀਬੀ ਦਰਸ਼ਨ ਕੌਰ (੩੦), ਬੀਬੀ ਪਰਕਾਸ਼ ਕੌਰ (੨੨), ਬੀਬੀ ਸੁਰਿੰਦਰ ਕੌਰ (੧੮) ਬਬਲੀ, ਬਲਬੀਰ ਕੌਰ (੧੬)।

ਸ. ਸਾਧੂ ਸਿੰਘ-ਗਿਆਨ ਕੌਰ ਦਾ ਇਕ ਹੋਰ ਪਰਵਾਰ ਹੈ। ਮੋਟਰ ਮਕੈਨਿਕ ਹੈ। ਸੰਤਾਨ : ਸ੍ਰ. ਮਨਜੀਤ ਸਿੰਘ (੨੮)......ਟਿੰਡਾ (੨੫) ਸ੍ਰ. ਭਜਨ ਸਿੰਘ (੨੩) ਦੋ ਲੜਕੀਆਂ ਹਨ।

ਇਕ ਬੀਬੀ ਮਨਜੀਤ ਕੌਰ ਸੁਪਤਨੀ ਸੰਤ ਕਿਰਪਾਲ ਸਿੰਘ ਵਿਧਵਾ ਹੈ। ਇਸਦੇ ਦੋ ਲੜਕੇ ਅਤੇ ਦੋ ਹੀ ਲੜਕੀਆਂ ਹਨ।

## ੧੦ ਮਾਰਚ ੧੯੭੮ ਸ਼ੁਕਰਵਾਰ
## ਬਰੇਲੀ—ਅਮਾਰੋਹਾ—ਦਿੱਲੀ

ਸਵੇਰੇ ਲਾਊਡ ਸਪੀਕਰ ਤੋਂ ਆਸਾ ਦੀ ਵਾਰ ਦੀ ਧੁਨ ਉਠਣ ਨਾਲ ਜਾਗ ਖੁਲ੍ਹ ਗਈ। ਇਸ਼ਨਾਨ ਕਰਨ ਗਿਆਂ ਵੇਖਿਆ ਸੰਤ ਸੂਬਾ ਕਰਤਾਰ ਸਿੰਘ ਦੇ ਘਰ ਸੰਤ ਮਹਿੰਦਰ ਸਿੰਘ ਪੂਰਵਾ ਮੂੰਹ-ਦਾਹੜੇ ਨੂੰ ਰੁਮਾਲੇ ਨਾਲ ਬੰਨ੍ਹੀ ਕੜਾਹ ਪ੍ਰਸ਼ਾਦ ਕਰ ਰਿਹਾ ਹੈ। ਆਸਾ ਦੀ ਵਾਰ ਦਾ ਕੀਰਤਨ, ਇਕ ਘਰ ਛਡ ਕੇ ਅਗਲੀ ਕੋਠੀ ਵਿਚ ਹੋ ਰਿਹਾ ਸੀ। ਬਚਿਆਂ ਦੇ ਕੀਰਤਨ ਬਾਅਦ ਜਥੇਦਾਰ ਦਲੀਪ ਸਿੰਘ ਸੰਤ ਨਗਰ ਨੇ ਅਰਦਾਸ ਕੀਤੀ।

ਇਸ ਤੋਂ ਪਿਛੋਂ ਇਕ ਸਾਧਾਰਨ ਪਾਠ ਦਾ ਭੋਗ ਸੂਬਾ ਜੀ ਦੇ ਘਰ ਪਿਆ ੭ ਵਜੇ ਸਵੇਰ ਤਕ ਸਾਰਾ ਧਾਰਮਕ ਪ੍ਰੋਗਰਾਮ ਖ਼ਤਮ ਹੋ ਗਿਆ ਏਥੇ ਸੰਗਤ ਕਾਫ਼ੀ ਜੁੜੀ ਹੋਈ ਸੀ।

### ਮੇਰੀ ਸਾਂਝ ਨਹੀਂ

ਸਤਿਗੁਰੂ ਜੀ ਨੇ ਏਥੇ ਇਕ ਪਰਵਾਰ ਦੇ ਮੁਖੀ ਨੂੰ ਬਹਾਕੇ ਉਹਦੇ ਬੱਚੇ ਦੀ ਅਵੱਗਿਆ ਬਾਰੇ ਸਮਝਾਂਦਿਆਂ ਸਭ ਨੂੰ ਪ੍ਰੇਰਣਾ ਦਿਤੀ : ਜਿਵੇਂ ਤੁਹਾਡਾ ਕੋਈ ਨੁਕਸਾਨ ਕਰ ਜਾਵੇ ਤਾਂ ਤੁਸੀਂ ਉਸਨੂੰ ਮਾਫ਼ ਨਹੀਂ ਕਰਦੇ ਇਸੇ ਤਰ੍ਹਾਂ ਸਾਧ ਸੰਗਤ ਮੇਰਾ ਘਰ ਹੈ। ਜਿਹੜਾ ਵਾਗ ਪਾੜੇ ਮੈਨੂੰ ਕਿਵੇਂ ਚੰਗਾ ਲਗ ਸਕਦਾ ਹੈ। ਨੇੜੇ ਦੇ ਰਿਸ਼ਤੇ ਕਰਨ ਵਾਲਿਆਂ ਨਾਲ ਮੇਰੀ ਕੋਈ ਸਾਂਝ ਨਹੀਂ। ੭.੩੦ ਵਜ ਚੁਕੇ ਸਨ ਸ੍ਰੀ ਸਤਿ-ਗੁਰੂ ਜੀ ਉਠ ਕੇ ਤੁਰ ਪਏ ਅਤੇ ਆਪ ਜੀ ਨਾਲ ਆਇਆ ਜਥਾ ਵੀ ਪਹਿਲੀ ਤਰਤੀਬ ਨਾਲ ਗੱਡੀਆਂ ਵਿਚ ਬੈਠ ਕੇ ਚਲ ਪਿਆ।

### ਮਾਟਾਡੋਰ

ਰਾਮਪੁਰ ਆਇਆਂ ਵੇਖਿਆ 'ਪੀਜੋ' ਅਤੇ 'ਟਿਊਟਾ' ਸੜਕ ਦੇ ਇਕ ਪਾਸੇ ਲਗ ਕੇ ਖਲੋਤੀਆਂ ਹੋਈਆਂ ਸਨ।



Sri Satguru Jagjit Singh Ji Elibrary NamdhariElibrary@gmail.com

ਟਿਊਟਾ ਦਾ ਕੁਝ ਟੁਟ ਗਿਆ ਸੀ। ਉਸ ਦੀਆਂ ਸਵਾਰੀਆਂ ਮਾਟਾਡੋਰ ਵਿਚ ਬਹਾਲ ਸੰਤ ਤਰਸੇਮ ਸਿੰਘ ਅਤੇ ਰਘੁਬੀਰ ਸਿੰਘ ਨੂੰ ਟਿਊਟਾ ਦੀ ਦੁਰਸਤੀ ਲਈ ਛਡ ਬਾਕੀ ਦੇ ਅਗਲੇ ਪੰਧੇ ਪਏ।

ਸੰਤ ਬਲਕਾਰ ਸਿੰਘ ਨੇ ਦੱਸਿਆ : ਸ੍ਰ. ਸੁਰਿੰਦਰ ਸਿੰਘ ਮਾਟਾਡੋਰ (ਮਨਚੰਦਾ) ਨੇ ਮਾਟਾਡੋਰ ਸਮੇਤ ਡਰਾਈਵਰ-ਡੀਜ਼ਲ ਦੇ ਖਰਚੇ ਦੇ ਆਪਣੇ ਵਲੋਂ ਸਤਿਗੁਰੂ ਜੀ ਦੀ ਸੇਵਾ ਵਿਚ ਭੇਜੀ ਹੋਈ ਹੈ।

## ਅਮਰੋਹਾ ਵਿਖੇ

ਮੀਂਹ ਪੈਂਦੇ ਵਿਚ ਅਸੀਂ ਅਮਰੋਹੇ ਪਹੁੰਚੇ। ਝਟ ਪਟ ਲੰਗਰ ਤਿਆਰ ਹੋ ਗਿਆ : ਬਰਸਾਤ ਹਟੀ ਤਾਂ ਧੀਮੀ ਜਿਹੀ ਧੁਪ ਨਿਕਲ ਆਈ। ਜਦੋਂ ਅਸੀਂ ਪ੍ਰਸ਼ਾਦਾ ਛਕ ਰਹੇ ਸਾਂ, ਸਤਿਗੁਰੂ ਜੀ ਸਾਡੇ ਪਾਸ ਆਏ ਵਾਤਸੱਲ ਪਿਆਲ ਨਾਲ ਡਿੱਠਾ। ਥੋੜਾ ਚਿਰ ਮਗਰੋਂ ਮਗਰਲੀ ਗੱਲ ਨਵੀਂ ਨਾਲ ਮਿਲਾ ਕੇ ਦੱਸੀ : ਅਹਿ ਵੇਖਦੇ ਓਨਾ, ਮੇਰੀਆਂ ਜਰਾਬਾਂ ਤੇ ਛਿੱਟੇ ਪਏ ਹੋਏ ? ਇਹ ਨਲਕੇ ਦੇ ਪਾਣੀ ਦੇ ਨੇ, ਅਚਾਨਕ ਕਿਸੇ ਤਰ੍ਹਾਂ ਟੂਟੀ ਵਿਚ ਪਾਣੀ ਆ ਗਿਆ, ਮੈਂ ਜਲ ਵਰਤਣ ਬੈਠਾਂ ਸਾਂ ਕਿ ਖੁਲੇ ਪਾਣੀ ਦੇ ਪੈਰਾਂ ਤੇ ਛਿਟੇ ਪੈ ਗਏ। ਇਸੇ ਤਰਾਂ ਇਕ ਵਾਰ (ਦਿੱਲੀ ਵਿਚ) ਢੋਡਿਆਂ (ਅਮਰ ਸਿੰਘ) ਦੇ ਘਰ ਵਾਪਰੀ। ਇੰਜ ਹੀ ਗੁਸਲਖਾਨੇ ਵਿਚ ਅਚਾਨਕ ਮੋਟਰ ਚਲਣ ਲਗ ਪਈ ਅਤੇ ਫਹਾਰੇ ਤੋਂ ਪਾਣੀ ਵਗਣ ਲਗ ਪਿਆ। ਜਿਦ੍ਹੇ ਤੋਂ ਬਚਾ ਬਚ ਕੇ ਰਹੀਏ ਕਦੇ ਨ ਕਦੇ ਸਹਿਜ ਸੁਭਾਉ ਹੀ ਐਸਾ ਮਿਲਦਾ ਹੈ ਕਿ ਜ਼ਿੰਦਗੀ ਭਰ ਯਾਦ ਰਹਿੰਦਾ ਹੈ।

ਸਾਡੇ ਪ੍ਰਸ਼ਾਦ ਛਕਣ ਤੇ ਤਿਆਰੀ ਕਰਨ ਤਕ ਸਤਿਗੁਰੂ ਜੀ ਅਮਰੋਹੇ ਦੇ ਸਿਖਾਂ ਦੇ ਘਰ ਚਰਨ ਪਾਉਣ ਵਾਸਤੇ ਜ਼ਿੰਮੇਵਾਰਾਂ ਨਾਲ ਤੁਰ ਪਏ। ਏਥੋਂ ਦੀ ਗੰਨਾ ਮਿਲ ਵਿਖੇ ਕੰਮ ਕਰਦੇ ਨਾਮਧਾਰੀਆਂ ਦੇ ੨੦ ਘਰ ਹਨ। ਮੇਰੇ ਪਾਸ ਏਨਾ ਸਮਾ ਨਹੀਂ ਸਾਰੇ ਨੋਟ ਕਰ ਸਕਾਂ।

ਅਜਾਂ ੧੨.੩੦ ਦੁਪਹਿਰੇ ਫੇਰ ਸਫਰ ਸ਼ੁਰੂ ਕਰ ਦਿਤਾ। ਅਤੇ ੩.੩੦ ਤਕ ਦਿੱਲੀ ਪੂਸਾ ਰੋਡ ਕੋਠੀ ਪਹੁੰਚ ਗਏ। ਸ੍ਰੀ ਸਤਿਗੁਰੂ ਜੀ ਦੀ ਕਾਰ ਸਾਥੋਂ ਕਾਫੀ ਅਗੇ ਸੀ ਪਰ



ਮਾਤਾ ਰਾਜ ਕੌਰ
ਡਾ: ਅਮਰ ਭਾਰਤੀ ਜੀ ਦੀ ਮਾਤਾ

ਉਹ ਅਜੇ ਤਕ ਕੋਠੀ ਨਹੀਂ ਪਹੁੰਚੀ।

ਸਤਿਗੁਰੂ ਜੀ ਨੇ ਆਪਣੀ ਨਵੀਂ ਗੱਡੀ ਪੀਜੋ ਤੇ ਦੌਰੇ ਦਾ ਪਹਿਲਾ ਸਫਰ ਕੱਲ ਸ਼ਾਮ ਤੋਂ ਹੀ ਜਾਰੀ ਕੀਤਾ।

## ਭਾਰਤੀ ਦੀ ਮਾਤਾ ਦਾ ਚਲਾਣਾ

ਨਵੀਂ ਦਿੱਲੀ, ਰਾਜੌਰੀ ਗਾਰਡਨ, ਆਪਣੇ ਘਰ ਪਹੁੰਚਣ ਤੇ ਪਤਾ ਲਗਾ ਕਿ ਸ਼੍ਰੀ ਅਮਰ ਭਾਰਤੀ ਦੀ ਮਾਤਾ ਰਾਜ ਕੌਰ ੬.੩.੭੮ ਦੇ ਚਲਾਣਾ ਕਰ ਗਏ ਹਨ। ਮੈਂ ਭਾਰਤੀ ਨੂੰ ਮਿਲਣ ਤਾਂ ਜਾਣਾ ਸੀ ਪਰ ਲਗਾਤਾਰ ਦੋ ਦਿਨਾਂ ਦੇ ਸਫਰ ਦਾ ਥੱਕਿਆ ਅਜ ਨਹਾ ਧੋ ਕੇ ਆਰਾਮ ਹੀ ਕਰਾਂਗਾ। ਸਤਿਗੁਰੂ ਜੀ ਦੀ ਸੰਗਤ ਵੀ ਮੁੜ ਕੇ ਨਹੀਂ ਕੀਤੀ। ਸਤਿਗੁਰੂ ਜੀ ਡਾਢੇ ਅਣਥਕ ਹਨ, ਮਸਾਂ ਹੀ ਰਾਤੀਂ ੧੧ ਵਜੇ ਵਿਰਾਜ ਸਕਣਗੇ, ਦਿੱਲੀ ਦੀਆਂ ਸਰਗਰਮੀਆਂ ਤਾਂ ਆਪ ਨੂੰ ਥੋੜਾ ਵੀ ਆਰਾਮ ਨਹੀਂ ਕਰਨ ਦਿੰਦੀਆਂ।

ਸ਼੍ਰੀ ਗੁਰਭਜਨ ਸਿੰਘ ਸਾਬਕਾ ਸਕੱਤਰ ਤੋਂ ਫੋਨ ਦੁਆਰਾ ਸੁਖ ਅਨੰਦ ਜਾਣੀ। ਭਾਰਤੀ ਜੀ ਤੋਂ ਨਾ ਪਹੁੰਚ ਸਕਣ ਲਈ ਖਿਮਾ ਮੰਗੀ। ਪਤਾ ਲਗਾ ਕਿ ਸ਼੍ਰੀ ਜਗਦੀਸ਼ ਸਿੰਘ ਆਫ 'ਵਰਿਆਮ' ਤਸ਼ਰੀਫ਼ ਲਿਆਏ ਹੋਏ ਹਨ। ਮਿੱਤਰ ਹੈ ਨ, ਜੀ ਕਰਦੇ ਹੁਣੇ ਹੀ ਆਕੇ ਮਿਲੇ।

(ਚਲਦਾ)

★
★★



Sri Satguru Jagjit Singh Ji Elibrary NamdhariElibrary@gmail.com

*WITH BEST COMPLIMENTS FROM :*

# Harbhajan Sarbjeet & Associates

*ENGINEERING & CONTRACTORS*

***Head office :***
*551 GHA/5 Rama Street,*
*Alam Bagh, LUCKNOW-226005*
*Phone : 51510.*

***Administrative office :***
*306-N-I-SECTOR-C*
*CIDCO*
*NEW AURANGABAD-431003*
*Grams : NAMDHARI*
*Phone : 3587.*

**Major works completed :-**

Construction of Earth work, bridges
Deep rock cutting & Tunnel of
third ghat line in between Kasara-
Igatpuri and Karjat-Lonavla sections
of Central Railway-Bombay
Costing Rs. 2.84 Crores

Construction of Earth work in Deep rock
cutting for foundations of
Thermal Power Station of Rajasthan
State Electricity Board, Kota (Rajasthan)
Costing Rs 1.76 Crores

Construction of Paithan Right
Bank Canal & C. D. works of Jayakwadi
Project Aurangabad (Maharashtra)
Costing Rs. 4 10 Crores

**Major work in hand :-**

Construction of barrage across
Godavari river and R C.C. Pump House
at Vishnupuri Project
Nanded (Maharashtra)
Costing Rs. 12.65 Crores

Construction of 2.5 Km long
Waranga Tunnel and Isapur Right
Bank Canal of Upper Penganga Project
Nanded (Maharashtra)
Costing Rs 3.47 Crores



Sri Satguru Jagjit Singh Ji Elibrary NamdhariElibrary@gmail.com

Registered NW/JL—97 MONTHLY WARIAM March, 1983
Registered with the registerar of News Papers for India No. 26453/75

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਭਰਪੂਰ ਤੰਦਰੁਸਤੀ ਅਤੇ ਸੁਆਦ ਲਈ ਵਰੋ
ਸਵੈਚਾਲਤ ਜਰਮਨ ਮਸ਼ੀਨਾਂ ਦੁਆਰਾ ਤਿਆ ਗਏ
ਹੈਦਰਾਬਾਦ ਦੇ ਮਸ਼ਹੂਰ ਭੁਰਭੁਰੇ ਅਤੇ ਸੁਆਦ

# ਅਸ਼ੋਕਾ ਬਿਸਕੁਟ




PHONES 565693
212667

ਵਪਾਰਕ ਜਾਣਕਾਰੀ ਲਈ ਸੰਪਰਕ:

## Sri Hari Partap Trading Centre
**6-7 A SAROJANI PARK, SHASTRI NAGAR, DELHI-31**

ਨਿਰਮਾਤਾ: ਦੀ ਅਸ਼ੋਕਾ ਬਿਸਕੁਟ ਵਰਕਸ, ਹੈਦਰਾਬਾਦ (ਏ.ਪੀ.)

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।
Monthly WARIAM, Ladowali Road, Jalandhar-144001.

Sri Satguru Jagjit Singh Ji Elibrary NamdhariElibrary@gmail.com